Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਅਪ੍ਰੈਲ 2018 ਮਾਸਿਕ ਮੁੱਲ : 15/-




ਬਾਬਾ ਮੱਖਣ ਸ਼ਾਹ
ਲੁਬਾਣਾ ਫਾਊਂਡੇਸ਼ਨ
ਅਤੇ ਦੇਸ਼-ਵਿਦੇਸ਼
ਦੀ ਸਮੂਹ ਸੰਗਤ
ਵੱਲੋਂ ਖਾਲਸਾ ਸਾਜਨਾ
ਦਿਵਸ ਦੀਆਂ
ਲੱਖ-ਲੱਖ ਮੁਬਾਰਕਾਂ





ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਵੈਸਾਖੀ : ਖ਼ਾਲਸਾ ਸਿਰਜਣਾ ਦਿਵਸ



ਮਨੁੱਖਤਾ ਦੇ ਇਤਿਹਾਸ ਵਿਚ 1756 ਬਿਕ੍ਰਮੀ ਦੀ ਵੈਸਾਖੀ ਵਾਲੇ ਦਿਨ ਇਕ ਅਜਿਹਾ ਇਨਕਲਾਬੀ ਮੋੜ ਆਇਆ ਜੋ ਸੰਸਾਰ ਦੀਆਂ ਅੱਖਾਂ ਨੇ ਨਾ ਪਹਿਲਾ ਕਦੀ ਵੇਖਿਆ ਸੀ ਅਤੇ ਨਾ ਹੀ ਕਦੀ ਵੇਖਣਾ ਹੈ। ਇਸ ਅਲੌਕਿਕ ਖੋਜ ਦਾ ਭੇਦ ਉਦੋਂ ਖੁੱਲ੍ਹਿਆ ਜਦੋਂ ਇੱਕ-ਇੱਕ ਖ਼ਾਲਸਾ ਸਵਾ-ਸਵਾ ਲੱਖ ਨਾਲ ਮੁਕਾਬਲਾ ਕਰਨ ਲੱਗ ਪਿਆ। ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲੀ ਭੁੱਖੇ-ਭਾਣੇ ਸਿੰਘਾਂ ਨੇ ਦਸ ਲੱਖ ਹਥਿਆਰ-ਬੰਦ ਸ਼ਾਹੀ ਫ਼ੌਜ ਦਾ ਟਾਕਰਾ ਕਰ ਵਿਖਾਇਆ। ਦਸਮ ਪਾਤਸ਼ਾਹ ਨੇ ਖਾਲਸਾ ਸਾਜ ਕੇ ਇਸ ਅੰਦਰ ਸਿੱਖੀ ਸਿਧਾਂਤ ਦਾ ਸੁਤੰਤਰਤਾ ਤੇ ਬਰਾਬਰਤਾ ਦਾ ਅਜਿਹਾ ਜ਼ਜ਼ਬਾ ਉਭਾਰਿਆ ਜਿਸ ਨੇ ਨਾ ਕੇਵਲ ਵਕਤ ਦੀ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਨੂੰ ਹੀ ਝੰਜੋੜਿਆ ਸਗੋਂ ਮਨੁੱਖਤਾ ਦੀਆਂ ਵੰਡੀਆਂ ਪਾਉਣ ਵਾਲੇ, ਜਾਤ-ਪਾਤ ਤੇ ਵਰਨ-ਵੰਡ ਕਰਨ ਵਾਲੇ ਸਮਾਜ ਨੂੰ ਵੀ ਪ੍ਰਭੂ ਦੇ ਸੱਚੇ ਮਨੁੱਖ ਬਣਨ ਦਾ ਉਪਦੇਸ਼ ਦਿੱਤਾ।

ਖਾਲਸਾ, ਹਰ ਕਿਸੇ ਦੀ ਸ਼ਖ਼ਸੀ ਗੁਲਾਮੀ ਤੋਂ ਅਜ਼ਾਦ ਹੋ ਕੇ ਅਕਾਲ ਪੁਰਖ ਵਾਹਿਗੁਰੂ ਨਾਲ ਸਿੱਧੇ ਰੂਪ ਵਿੱਚ ਸਬੰਧਿਤ ਹੈ ਜੋ ਪਰਮਾਤਮਾ ਦੀ ਆਪਣੀ ਰਜ਼ਾ ਵਿੱਚੋਂ ਹੀ ਪ੍ਰਗਟ ਹੋਇਆ ਹੈ:

**ਖ਼ਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**

ਖ਼ਾਲਸਾ, ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਪੰਜ-ਕਕਾਰੀ ਰਹਿਤ ਰੱਖਣੀ, ਪੰਜਾਂ ਬਾਣੀਆਂ ਦਾ ਪਾਠ ਕਰਨਾ, ਸਦਾ ਹੀ ਸੱਚਾ, ਧਰਮੀ ਜੀਵਨ ਜਿਉਣਾ ਖ਼ਾਲਸੇ ਦਾ ਨੇਮ ਅਤੇ 'ਗੁਰਸਿਖ ਮੀਤ ਚਲਹੁ ਗੁਰ ਚਾਲੀ' ਦਾ ਧਾਰਨੀ ਹੋਣਾ ਹੈ। ਗੁਰਮੁਖ-ਗਾਡੀ ਰਾਹ ਦੀ ਜੀਵਨ-ਜਾਚ ਦਾ ਅਨੁਸਾਰੀ ਹੋਣਾ ਹੀ ਖਾਲਸੇ ਦਾ ਪਰਮ ਕਰਤੱਵ ਹੈ। ਉੱਚੀ-ਸੁੱਚੀ ਰਹਿਣੀ-ਬਹਿਣੀ ਵਿਚ ਸੰਪੂਰਨ ਖਾਲਸੇ ਨੂੰ ਤਾਂ ਗੁਰੂ ਸਾਹਿਬ ਨੇ ਆਪਣਾ ਇਸ਼ਟ ਬਣਾ ਕੇ ਇੰਝ ਸੰਬੋਧਨ ਕੀਤਾ:

**ਰਹਿਣੀ ਰਹਹਿ ਸੋਈ ਸਿਖ ਮੇਰਾ। ਉਹ ਠਾਕੁਰ ਮੈਂ ਉਸ ਕਾ ਚੇਰਾ।**

**ਖ਼ਾਲਸਾ** : ਧਰਮ ਅਤੇ ਸਦਾਚਾਰ ਦਾ ਸੁਮੇਲ ਹੈ। ਇਹ ਅੰਦਰਲੀ ਅਤੇ ਬਾਹਰਲੀ ਇਕਸੁਰਤਾ ਕਾਇਮ ਰੱਖਣ ਦੀ ਜੁਗਤੀ ਹੈ। ਖਾਲਸੇ ਦੀ ਆਵਾਜ਼ ਹੱਕ, ਸੱਚ ਤੇ ਨਿਆਂ ਦੀ ਆਵਾਜ਼ ਹੈ। ਸੱਚ ਦੀ ਇਸ ਆਵਾਜ਼ ਅੱਗੇ ਕੋਈ ਜ਼ੁਲਮੀ, ਜਾਬਰ, ਪਾਖੰਡੀ ਅਤੇ ਅਹੰਕਾਰੀ ਕਦੇ ਵੀ ਟਿਕ ਨਹੀਂ ਸਕਿਆ। ਖਾਲਸੇ ਦਾ ਆਤਮਿਕ ਤੇ ਸਦਾਚਾਰਕ ਜੀਵਨ ਲੱਖਾਂ ਕਪਟੀਆਂ ਤੇ ਭਾਰੂ ਹੁੰਦਾ ਹੈ। ਜਬਰ ਤੇ ਜ਼ੁਰਮ ਵਿਰੁੱਧ ਡਟਣਾ ਖਾਲਸੇ ਦਾ ਪਰਮ ਧਰਮ ਹੈ ਜੋ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਜ਼ਾਮਨ ਹੈ। ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰ ਕੇ ਸੰਸਾਰ ਨੂੰ ਸੰਤ-ਸਿਪਾਹੀ ਦਾ ਅਜਿਹਾ ਨਵੀਨ, ਸ਼ਕਤੀਸ਼ਾਲੀ ਤੇ ਵਿਲੱਖਣ ਜੀਵਨ ਸਿਧਾਂਤ ਦਿੱਤਾ ਹੈ ਜਿਹੜਾ ਹੁਣ ਤੀਕ ਸ਼ਹਾਦਤਾਂ ਤੇ ਕੁਰਬਾਨੀ ਦੀਆਂ ਨਿੱਤਨਵੀਆਂ ਸਿਖਰਾਂ ਛੋਂਹਦਾ ਆ ਰਿਹਾ ਹੈ। ਸ਼ਹਾਦਤ ਦੀ ਭਾਵਨਾ ਅਤੇ ਸ਼ਕਤੀ, ਅਜਿਹੇ ਜੀਵਨ- ਸਿਧਾਂਤ ਵਿੱਚੋਂ ਹੀ ਉਪਜਦੀ ਹੈ, ਇਸੇ ਲਈ ਜਦ ਗੱਲਬਾਤ ਦੇ ਸਾਰੇ ਯਤਨ ਅਸਫ਼ਲ ਹੋ ਜਾਣ ਤਾਂ ਸ਼ਮਸ਼ੀਰ ਨੂੰ ਹੱਥ ਪਾਉਣਾ ਹਰ ਤਰ੍ਹਾਂ ਜਾਇਜ਼ ਹੁੰਦਾ ਹੈ ਜੋ ਧਾਰਮਿਕ ਫ਼ਰਜ਼ ਬਣ ਜਾਂਦਾ ਹੈ।

(ਜ਼ਫਰਨਾਮਾ ਪਾ. 10) ਯੂ.ਐਨ.ਓ. ਦੀ ਜਨਰਲ ਅਸੈਂਬਲੀ ਨੇ ਤਾਂ ਕੇਵਲ ਅੱਧੀ ਸਦੀ ਪਹਿਲਾਂ ਮਾਨਵ-ਅਧਿਕਾਰਾਂ ਦੀ ਰੱਖਿਆ ਲਈ ਇਕ ਮਤਾ ਪਾਸ ਕਰ ਕੇ ਮਨੁੱਖੀ ਅਜ਼ਾਦੀ, ਬਰਾਬਰੀ ਦੇ ਹੱਕ ਤੇ ਭਰਾਤਰੀ-ਭਾਵ ਦੀ ਗੱਲ ਕੀਤੀ, ਪਰ ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਸਦੀਆਂ ਪਹਿਲਾਂ ਹੀ ਮਨੁੱਖਤਾ ਦੇ ਹੱਕਾਂ ਦੀ ਸਮਾਨਤਾ, ਜਬਰ-ਜ਼ੁਲਮਾਂ ਦੇ ਖਿਲਾਫ਼ ਟੱਕਰ ਲੈਣ ਅਤੇ ਮਜ਼ਲੂਮਾਂ ਦੀ ਰੱਖਿਆ ਕਰਨ ਵਾਲੀ ਜੀਵਨ-ਜਾਂਚ ਤੇ ਅਧਾਰਤ ਵਿਲੱਖਣ ਹੋਂਦ-ਹਸਤੀ ਵਾਲੇ 'ਖਾਲਸੇ' ਦੀ ਸਿਰਜਣਾ ਕਰ ਕੇ ਅਜਿਹੀ ਭਾਵਨਾਂ ਨੂੰ ਅਮਲੀ ਰੂਪ ਵਿਚ ਪ੍ਰਗਟ ਕਰ ਦਿੱਤਾ ਸੀ। ਸੰਸਾਰ ਨੇ ਪਹਿਲੀ ਵਾਰ ਖ਼ਾਲਸੇ ਦੇ ਹੱਥੋਂ ਕਿਰਪਾਨ ਦੀ ਵਰਤੋਂ ਜ਼ੁਲਮ ਕਰਨ ਦੀ ਥਾਂ ਜ਼ੁਲਮ ਰੋਕਣ ਲਈ ਵਰਤੀ ਜਾਂਦੀ ਵੇਖੀ ਹੈ।

ਸਮੂਹ ਗੁਰੂ ਨਾਨਕ ਨਾਮ-ਲੇਵਾ ਗੁਰਸਿੱਖਾਂ ਨੂੰ ਆਪਣੇ ਮਹਾਨ ਤੇ ਅਮੀਰ ਵਿਰਸੇ ਨੂੰ ਪਹਿਚਾਣਦੇ ਹੋਏ ਬਾਣੀ ਦੇ ਧਾਰਨੀ ਹੋ ਕੇ ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣਨਾ ਚਾਹੀਦਾ ਹੈ। ਰਹਿਤਵਾਨ ਸਿੱਖ ਤੋਂ ਕੁਰਬਾਨ ਜਾਂਦਿਆਂ ਗੁਰੂ ਸਾਹਿਬ ਦਾ ਫਰਮਾਨ ਹੈ:

**ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ਼ ਦੀਓ ਮੈਂ ਸਾਰਾ।**

**ਜਬ ਇਹ ਗਹੈ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪਰਤੀਤ।**

ਖਾਲਸਾ ਸਿਰਜਣਾ ਦਿਵਸ ਸਾਨੂੰ ਗੁਰੂ-ਆਸ਼ੇ ਅਨੁਸਾਰੀ ਹੋ ਕੇ ਜੀਵਨ ਜਿਉਣ ਦੀ ਪ੍ਰੇਰਨਾ ਦਿੰਦਾ ਹੈ। ਇਸ ਇਤਿਹਾਸਕ ਸ਼ੁਭ ਅਵਸਰ ਤੇ ਮੈਂ ਗੁਰੂ ਨਾਨਕ ਨਾਮਲੇਵਾ ਸੰਗਤਾਂ ਨੂੰ ਖ਼ਾਲਸਾ ਸਾਜਣਾ ਦਿਵਸ ਦੀ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਆਓ! ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਕੀਤੀ ਖੰਡੇ-ਬਾਟੇ ਦੀ ਪਾਹੁਲ ਛੱਕ ਕੇ, ਗੁਰਮਤਿ ਦੇ ਧਰਨੀ ਹੋ ਕੇ 'ਧਰਮ ਦਾ ਜੈਕਾਰ' ਦੇ ਮਿਸ਼ਨ ਨੂੰ ਸਾਕਾਰ ਕਰਦੇ ਹੋਏ ਆਪਣਾ ਜੀਵਨ ਸਫਲ ਕਰੀਏ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
S. Jagir Singh Lalia
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Editor**
S. Surinder Singh Ruby
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
Prof. Jaswant Singh Ph.D.
College Road, Begowal, Kapurthala, M.: 98724-66351
Engineer Parminderjit Singh
524, GMT Jalandhar, M.: 99153-57524
parminderjitsingh84@yahoo.com

**Outline-Editor**
S. Joginder Singh Ajaib, Jalandhar
M.: 98152-69145

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ
ਮਈ - 14-5-2018 (ਸੋਮਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 74 | ਅਪ੍ਰੈਲ - 2018



1. ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ 4
2. ਵਿਸਾਖੀ ਪੁਰਬ – ਖਾਲਸਾ ਪੰਥ ਦੀ ਸਿਰਜਨਾ 7
3. ਸੇਵਾ ਤੇ ਸਿਮਰਨ ਦੇ ਪੁੰਜ : ਸ੍ਰੀ ਗੁਰੂ ਅਮਰਦਾਸ ਜੀ 10
4. ਸੱਚੀ ਸ਼ਰਧਾ 12
5. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 14
6. ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ 17
7. ਸੱਚੀਆਂ ਗੱਲਾਂ 19
8. ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ 20
9. ਸ਼ਬਦਾਂ ਦੇ ਸੰਜੋਗ 21
10. ਐਤਕੀਂ ਨਾ ਲਾਇਓ ਕਿਸਾਨ ਵੀਰੋ ਅੱਗ ਪੰਜਾਬ ਨੂੰ 22
11. ਦੁਨੀਆਂ ਦੀ ਜਣਨੀ ਬਾਰੇ ਸੁਪਨੇ 23
12. ਸ਼ੋਕ ਸਮਾਚਾਰ 27
13. ਪੰਜਾਬ ਦੇ ਮੇਲੇ ਤੇ ਪੰਜਾਬੀ 28
14. ਸਿੱਖ ਫਿਲਾਸਫੀ ਅਨੁਸਾਰ ਸਮਾਜ ਕਿਹੋ ਜਿਹਾ ਹੋਵੇ 30
15. ਪ੍ਰਦੂਸ਼ਣ ਰਹਿਤ ਫੁਲਵਾੜੀ ਦੀ ਲੋੜ 31
16. ਕਾਵਿ–ਕਿਆਰੀ 34
17. ਸਿਹਤ ਸੰਭਾਲ 36
18. Secluded Information 37
19. Martimonial 38
20. ਦਾਨੀ ਸੱਜਣਾਂ ਦੀ ਸੂਚੀ 39
21. ਫਾਊਂਡੇਸ਼ਨ–ਡੇ 'ਤੇ ਦਾਨੀ ਸੱਜਣਾਂ ਦੀ ਸੂਚੀ 41



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥



ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ ੧੦ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**

(ਪੰਨਾ ੯੬੬)

ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ (੧੬੯੯ ਈ:) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਵੇਲੇ ਤਕ ਹਾੜ੍ਹੀ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਦਿਵਾਉਣ ਲਈ ਅਤੇ ਉਸ ਦੇ ਸਰਬ ਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ। ਇਕ ਨਵੇਂ ਸਜਰੇ ਜੀਵਨ ਦੀ ਸ਼ੁਰੂਆਤ ਸੀ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ— ਖਾਲਸੇ ਦੀ ਸਾਜਨਾ। ਖਾਲਸਾ ਇੱਕ ਆਦਰਸ਼ ਪੁਰਖ ਹੈ। ਇਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਵ ਪੱਖੀ, ਸਰਬ ਪ੍ਰਕਾਰ ਦੇ ਸਦ ਗੁਣਾਂ ਨਾਲ ਭਰਪੂਰ, ਆਤਮ ਵਿਸ਼ਵਾਸ, ਸਵੈ ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ ਸਿਪਾਹੀ ਵੀ, ਖਾਲਸਾ ਗੁਰੂ ਵੀ ਹੈ ਤੇ ਸਿੱਖ ਵੀ, ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ, ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥**

(ਪੰਨਾ ੪੬੯)

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤ ਦਾ ਪੂਜਕ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ:

**ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥**
**ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥**

(ਪੰਨਾ ੧੪੨)

ਖਾਲਸਾ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਹਿਮ ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਵੀ ਮਿਸਾਲ ਪੇਸ਼ ਕੀਤੀ ਹੈ–

**ਖਾਲਸ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ।**

**(ਸ੍ਰੀ ਗੁਰ ਸੋਭਾ)**

ਵੈਸਾਖੀ ਦੇ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਅਸਥਾਨ ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ

ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਕੋਲੋਂ ਸੀਸ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ, ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੁਹਕਮ



ਚੰਦ ਤੇ ਭਾਈ ਸਾਹਿਬ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ ਬਾਟੇ ਦੀ ਪਾਹੁਲ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਈ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ ਸਿੰਘ ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਵਰਣ ਨਾਸ ਕਰ ਕੇ ਖਾਲਸੇ ਦਾ ਰੂਪ ਬਖ਼ਸ਼ਿਆ। ਫਿਰ ਇਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਗੁਰੂ ਦੀ ਇਕ ਸੰਸਥਾ ਦਾ ਰੂਪ ਦੇ ਦਿੱਤਾ ਤਾਂ ਜੋ ਗੁਰਮਤਿ ਦਾ ਪ੍ਰਚਾਰ ਨਿਰੰਤਰ, ਸਰਵਕਾਲ ਤੇ ਸਰਵ ਵਿਆਪਕ ਕੀਤਾ ਜਾ ਸਕੇ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇਕ ਹੀ ਸਮਝਿਆ ਗਿਆ ਹੈ ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**

(ਪੰਨਾ ੪੪੪)

**ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥**
**ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥**

(ਪੰਨਾ ੩)

ਇਹ ਪੰਚ ਜਾਂ ਬ੍ਰਹਮ ਗਿਆਨੀ ਸਿੱਖ ਖਾਲਸੇ ਦੀ ਰਹਿਣੀ ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ 'ਸਾਬਤ ਸੂਰਤ ਦਸਤਾਰ ਸਿਰਾ' ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ-ਕਛਹਿਰਾ, ਕੇਸ, ਕਿਰਪਾਨ, ਕੰਘਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ-ਤਮਾਕੂ, ਕੁੱਠਾ, ਪਰ ਇਸਤਰੀ ਦਾ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜਿਊਂਣਾ ਨਹੀਂ ਹੈ। ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ। ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ। ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੇ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦਿੱਤਾ ਹੁੰਦਾ ਹੈ। ਖਾਲਸੇ ਲਈ ਇਹ ਸ਼ਰਤ ਰੱਖ ਦਿੱਤੀ ਸੀ:

**ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।**
**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵਸਾਗਰ ਤਾਰੈ।**
**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥**
**ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥**

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਰਾਹੀਂ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ ੧੭੧੦ ਈ: ਨੂੰ ਸਰਹਿੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਖਾਲਸਾਈ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ ਜਿਨ੍ਹਾਂ ਤੋਂ ਖੂੰਖਾਰ ਪਠਾਣ ਵੀ ਭੈਅ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ 'ਹਰੀਆ ਰਾਗਲੇ' ਕਹਿ ਕੇ ਰੋਣ ਤੋਂ ਚੁੱਪ ਕਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ



ਬੇਮਿਸਾਲ ਜੰਗਾਂ ਲੜੀਆਂ ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ। ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਮੈਂ ਇਹ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸਾਖੀ ਰੱਖ ਕੇ ਕਹਿ ਰਿਹਾ ਹਾਂ:

**ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌ ਕਰੌ ਨਿਵਾਸ।**
**ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹੀਅਤਿ ਬਿਰਦ।**
**ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।**
**ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।**
**ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।**
**ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।**

**(ਸਰਬ ਲੋਹ ਗ੍ਰੰਥ)**

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ। ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ।

**ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**
**ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।**

**(ਸਰਬ ਲੋਹ)**

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਂਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਂਆਂ ਲੜਾਈਆਂ ਵਿਚ ਘੱਟ ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫਤਿਹ ਹਾਸਿਲ ਕੀਤੀ। ਇਸ ਤਰ੍ਹਾਂ ਅਤੀ ਔਖੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ।

ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ, ਗੁਰੂ ਸਾਹਿਬਾਂ ਦੇ ਉੱਚੇ ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ ਤ੍ਰੈ ਕਾਲੀ ਦ੍ਰਿਸ਼ਟੀ ਅਤੇ ਬੇਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹਨ। ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ।

ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।

# ਵਿਸਾਖੀ ਪੁਰਬ - ਖਾਲਸਾ ਪੰਥ ਦੀ ਸਿਰਜਨਾ



ਵਿਸਾਖੀ ਹਰ ਸਾਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਪਹਿਲੀ ਵੈਸਾਖ 13 ਜਾਂ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਅੱਜ ਪੰਜਾਬ ਤੋਂ ਬਿਨ੍ਹਾਂ ਭਾਰਤ ਦੇ ਹੋਰ ਸੂਬਿਆਂ ਸਮੇਤ ਵਿਦੇਸ਼ਾਂ ਵਿਚ ਦੂਜੇ ਭਾਈਚਾਰਿਆਂ ਦੇ ਲੋਕਾਂ ਨਾਲ ਮਿਲ ਕੇ ਵਿਸਾਖੀ ਦਿਵਸ ਮਨਾਇਆ ਜਾ ਰਿਹਾ ਹੈ ਜੋ ਅਸੀਂ ਮੀਡੀਏ ਰਾਹੀਂ ਦੇਖ ਰਹੇ ਹਾਂ।

ਭਾਰਤ ਵਿੱਚ ਵਿਸਾਖੀ ਦੇ ਮਹੀਨੇ ਅਰਥਾਤ 'ਵਿਸਾਖੀ' ਦੇ ਮੇਲੇ ਅਤੇ ਤਿਓਹਾਰ ਦੇ ਮਹੱਤਵ ਦੇ ਪਿਛੋਕੜ ਵਿੱਚ ਕੁਝ ਮਿਥਿਹਾਸਕ ਵਿਸ਼ਵਾਸ, ਪ੍ਰਕਿਰਤਕ ਆਰਥਿਕ ਪ੍ਰਸਿਥਤੀਆਂ, ਧਾਰਮਿਕ ਮਾਨਤਾਵਾਂ, ਸੱਭਿਆਚਾਰਕ ਲੋੜਾਂ ਅਤੇ ਇਤਿਹਾਸਕ ਸੱਚ ਦੇ ਵੱਖ-ਵੱਖ ਪਸਾਰ ਖੁੱਲ੍ਹਦੇ ਹਨ।

ਸਰਦੀ ਦੀ ਰੁੱਤ ਪਿੱਛੋਂ ਵਿਸਾਖ ਵਿੱਚ ਬਿਰਖਾਂ ਦੀਆਂ ਨਵੀਆਂ ਲਗਰਾਂ ਫੁੱਟਦੀਆਂ ਹਨ। ਕਿਧਰੇ ਪੱਤੇ ਹਰੇ-ਕਚੂਰ ਰੰਗ ਦੀ ਭਾਹ ਮਾਰਦੇ ਹਨ ਕਿਧਰੇ ਨੀਮ ਹਰੇ ਰੰਗ ਦੀਆਂ ਰੇਸ਼ਮੀ ਛੋਹ ਵਰਗੀਆਂ ਮੁਲਾਇਮ ਪੱਤੀਆਂ ਚਮਕਦੀਆਂ ਹਨ ਜਿਨ੍ਹਾਂ ਨੂੰ ਵੇਖ ਕੇ ਕੁਦਰਤੀ ਵਰਤਾਰੇ ਦੇ ਇਲਾਹੀ ਕਰਿਸ਼ਮਿਆਂ ਤੋਂ ਬਲਿਹਾਰੇ ਜਾਣ ਨੂੰ ਜੀਅ ਕਰਦਾ ਹੈ। ਇਹ ਮਨਮੋਹਨ ਦ੍ਰਿਸ਼, ਮਨ ਨੂੰ ਅਨੰਦਿਤ ਅਵਸਥਾ ਵਿੱਚ ਵੀ ਲੈ ਜਾਂਦੇ ਹਨ ਪਰ ਖੇੜੇ ਦੀ ਸਥਿਤੀ ਵਿਚ ਪਰਦੇਸੀ ਪਤੀ ਦੇ ਵਿਛੋੜੇ ਦੀ ਬਿਹਬਲਤਾ ਦਾ ਅਹਿਸਾਸ ਵੀ ਵਧਦਾ ਹੈ।




**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**


ਆਰਥਿਕ ਪੱਖ ਤੋਂ ਵਿਸਾਖ ਦਾ ਮਹੀਨਾ ਹਰੇਕ ਲਈ ਖੁਸ਼ੀ ਦਾ ਸਮਾਂ ਹੁੰਦਾ ਹੈ। ਇਸ ਮਹੀਨੇ ਅੰਨ ਦੀ ਪ੍ਰਮੁੱਖ ਫ਼ਸਲ ਕਣਕ ਅਤੇ ਛੋਲੇ ਪੱਕ ਕੇ ਤਿਆਰ ਹੁੰਦੇ ਹਨ। ਕਣਕ ਦੀ ਵਾਢੀ ਵੈਸਾਖੀ ਵਾਲੇ ਦਿਨ ਪਾਈ ਜਾਂਦੀ ਹੈ। ਸਪੱਸ਼ਟ ਹੈ ਇਸ ਮਹੀਨੇ ਅਤੇ ਦਿਨ ਦਾ ਸੰਬੰਧ ਕਿਰਸਾਨ ਅਤੇ ਹੋਰ ਸਭ ਦੀ ਆਰਥਿਕਤਾ ਨਾਲ ਹੈ। ਧਾਰਮਿਕ ਮਾਨਵਤਾਵਾਂ ਅਨੁਸਾਰ ਵੀ ਇਹ ਮਹੀਨਾ ਸ਼ੁਭ ਮੰਨੇ ਜਾਣ ਕਾਰਣ ਵਿਆਹ-ਸ਼ਾਦੀਆਂ ਲਈ ਇਹ ਦਿਹਾੜਾ ਬਹੁਤ ਸ਼ੁਭ ਮੰਨਿਆ ਜਾਂਦਾ ਹੈ।

ਧੀਆਂ, ਬਾਬਲ ਦੀ ਜੇਬ ਬਾਰੇ ਜਾਣਦੀਆਂ ਹਨ ਜਿਸ ਵਿੱਚ ਚਾਰ-ਛਿੱਲੜ ਵਿਸਾਖੀ ਦੀ ਫ਼ਸਲ ਕਣਕ-ਛੋਲੇ ਵੇਚ ਕੇ ਹੀ ਆਉਂਦੇ ਹਨ। ਇਸ ਮਹੀਨੇ ਵਰ੍ਹੇ ਭਰ ਦੀ ਕਮਾਈ, ਮੀਂਹ-ਝੱਖੜ ਤੋਂ ਬਚ-ਬਚਾਅ, ਸਾਂਭ-ਸੰਭਾਲਕੇ ਘਰ ਪਹੁੰਚ ਜਾਵੇ, ਸੌ-ਸੌ ਸੁੱਖਣਾਂ ਸੁੱਖੀਆਂ ਜਾਂਦੀਆਂ ਹਨ। ਪੰਜਾਬੀ ਕਵੀ ਦੇ ਕਾਵਿ ਬੋਲ ਹਨ:

**ਪੱਕੀ ਖੇਤੀ ਵੇਖਕੇ ਗਰਬ ਕਰੇ ਕਿਰਸਾਨ**
**ਮੀਂਹ ਹਨੇਰੀ ਝਖੜੋਂ ਘਰ ਆਏ ਤਾਂ ਜਾਣ।**

ਵਾਢੀ ਦਾ ਆਰੰਭ ਕਰਦਿਆਂ ਕਿਸਾਨ ਫੁੱਲਿਆ ਨਹੀਂ ਸਮਾਉਂਦਾ। ਸੋਨੇ ਰੰਗੀ ਪੱਕੀ ਕਣਕ ਦੇ ਲਹਿਰਾਉਂਦੇ ਝੂਲਦੇ ਸਿੱਟੇ ਉਸਨੂੰ ਨਸ਼ਿਆਂ ਦਿੰਦੇ ਹਨ। ਖੇਤਾਂ ਵਿੱਚ ਰੌਣਕਾਂ ਬੱਝ ਜਾਂਦੀਆਂ ਹਨ। ਸਾਂਝੀ-ਮਾਂਝੀ, ਕਿਰਤੀ-ਕਾਮੇ ਬਾਗੋ-ਬਾਗ ਹੋਏ ਪਏ ਹੁੰਦੇ ਹਨ। ਮਸ਼ੀਨੀਕਰਣ ਤੋਂ ਪਹਿਲਾਂ ਕਣਕ ਦੀ ਵਾਢੀ ਵਾਲੇ ਦਿਨ ਮੰਗ ਪਾਉਣ, ਰਲ ਕੇ ਕਟਾਈ ਕਰਨ ਦਾ ਬੜਾ ਸਿਹਤਮੰਦ ਰਿਵਾਜ਼ ਸੀ। ਤੀਵੀਆਂ, ਮੁਟਿਆਰਾਂ ਵੱਡੀ ਸਾਰੀ ਝੋਲੀ ਬੰਨ੍ਹ ਕੇ ਤੇ ਨਿੱਕੇ ਵੱਡੇ ਬਾਲ ਕਣਕ ਦੇ ਡਿੱਗੇ ਸਿੱਟੇ ਚੁਣਦੇ ਜਿਸ ਨੂੰ ਛੀਓ-ਰੰਬਾ ਕਿਹਾ ਜਾਂਦਾ ਹੈ ਉਸ ਸਮੇਂ ਕੁੜੀਆਂ ਸੁਰੀਲੀ ਸੁਰ ਵਿੱਚ ਗਾਉਂਦੀਆਂ ਸਨ। ਇਥੋਂ ਹੀ ਵਿਸਾਖੀ ਦੇ ਮੇਲੇ ਜਾਣ ਦੇ ਚਾਅ ਮਚਲਣ ਲਗ ਪੈਂਦੇ ਸਨ। ਜਿਉਂ ਹੀ ਕਣਕ ਵੱਢੀ ਜਾਣ ਨਾਲ ਕੁਝ ਕਿਆਰੇ ਖਾਲੀ ਹੁੰਦੇ ਜਾਪਦੇ ਮਨਚਲੇ ਗੱਭਰੂਆਂ ਦੇ ਪੈਰ ਉੱਛਲ-ਉੱਛਲ ਪੈਣ ਲਗਦੇ। ਢੋਲ ਵਾਲਾ ਆ ਧਮਕਦਾ। ਢੋਲ ਦੀ ਧੁਨ ਦੇ ਤਾਲ ਨਾਲ ਨਾਚਾਰ ਗੱਭਰੂ ਬਾਹਵਾਂ

ਉਲਾਰ ਉਲਾਰਕੇ ਬੋਲੀਆਂ ਦੇ ਨਾਲ ਖੁਸ਼ੀ ਅਤੇ ਜੋਸ਼ ਵਿੱਚ ਮਨੁੱਖੀ ਮਨਾਂ ਨੂੰ ਖੇੜੇ ਬਖਸ਼ਦੇ।

ਸਪੱਸ਼ਟ ਹੈ ਵਿਸਾਖੀ ਦਾ ਪੁਰਬ ਜਦੋਂ ਖੁਸ਼ੀਆਂ ਨਾਲ ਵੱਡੇ ਵੱਡੇ ਇਕੱਠਾਂ ਵਿੱਚ ਮਨਾਇਆ ਜਾਂਦਾ ਹੈ ਉਦੋਂ ਇਸ ਵਿੱਚ ਲੌਕਿਕ ਰੰਗ ਹੁੰਦਾ ਹੈ। ਮਨ ਦੀਆਂ ਖੁਸ਼ੀਆਂ ਦਾ ਪ੍ਰਗਟਾਵਾ ਅਤੇ ਮਨੋਰੰਜਨ ਹੁੰਦਾ ਹੈ। ਇਹ ਲੋਕਾਂ ਦਾ ਮੇਲਾ ਹੁੰਦਾ ਹੈ।

ਇਸ ਦਿਹਾੜੇ ਦੀ ਵਿਸ਼ੇਸ਼ਤਾ ਹੈ ਕਿ ਵਿਸਾਖੀ ਦੇ ਪੁਰਬ ਅਤੇ ਮੇਲੇ ਨਾਲ ਲੋਕ ਨੇੜਤਾ ਦੀ ਪਰੰਪਰਾ ਵਿੱਚ ਗੁਰੂਆਂ ਦੀ ਦੇਣ ਨਾਲ ਇਸ ਤਿਉਹਾਰ ਦੀ ਜੋ ਨਿਰਾਲੀ ਸ਼ਾਨ ਮਾਨਮੱਤੀ ਹੋ ਕੇ ਉਭਰੀ ਉਹ ਆਪਣੇ ਆਪ ਵਿੱਚ ਬੇਮਿਸਾਲ ਕਾਰਜ ਹੈ। ਇਸ ਮੇਲੇ ਨੂੰ ਸਾਂਝੀਵਾਲਤਾ ਦਾ ਪ੍ਰਤੀਕ ਬਣਾ ਕੇ ਇਕ ਨਿਸ਼ਚਿਤ ਰੂਪ ਵਿੱਚ ਨਰੋਏ ਸਮਾਜ ਦੀ ਉਸਾਰੀ ਦਾ ਸੰਦੇਸ਼ ਦੇ ਕੇ ਗੁਰੂ ਸਾਹਿਬਾਨ ਨੇ ਇਕ ਮਹਾਨ ਕਾਰਜ ਨਿਭਾਇਆ। ਆਮ ਲੋਕਾਂ ਨੂੰ ਮੋਖ (ਮੁਕਤੀ) ਲਈ ਵੈਸਾਖੀ ਦੇ ਪੁਰਬ ਨੂੰ ਕਰਮ-ਕਾਂਡਾਂ ਤੋਂ ਮੁਕਤ ਕਰਕੇ ਮਨੁੱਖੀ ਸਾਂਝ ਦੇ ਨਰੋਏ ਅਰਥ ਦੇਣ ਦੇ ਕੰਮ ਦਾ ਆਰੰਭ ਗੁਰੂ ਕਾਲ ਵਿੱਚ ਤੀਸਰੇ ਗੁਰੂ ਅਮਰਦਾਸ ਜੀ ਦੇ ਯਤਨਾਂ ਦੁਆਰਾ ਹੀ ਹੋ ਗਿਆ ਸੀ। ਜਿਸ ਅਨੁਸਾਰ ਵਿਸਾਖੀ ਦੇ ਪੁਰਬ ਉੱਤੇ ਸਮੂਹ ਸੰਗਤ ਨੇ ਪੰਜਾਬ ਦੇ ਮਹਾਨ ਸਥਾਨ ਗੋਇੰਦਵਾਲ ਵਿਖੇ ਇਕੱਤਰ ਹੋ ਕੇ ਇਸ ਦਿਨ ਨੂੰ ਗੁਰੂ ਗੁਰਮੁਖ ਅਤੇ ਨਾਮ ਦੇ ਜੱਸ ਸਰਵਣ ਕਰਨ ਨਾਲ ਮਨਾਉਣਾ ਆਰੰਭ ਕਰ ਦਿੱਤਾ ਸੀ। ਇਥੇ ਹੀ ਪਾਨੀ ਦੇ ਸਾਂਝੇ ਸ੍ਰੋਤ ਬਾਉਲੀ ਸਾਹਿਬ ਦਾ ਸੰਗਤ ਦੇ ਮਨ ਵਿੱਚ ਸਤਿਕਾਰ ਪੈਦਾ ਹੋ ਗਿਆ ਸੀ।

ਗੁਰੂ ਗੋਬਿੰਦ ਸਿੰਘ ਦੁਆਰਾ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਦਿਹਾੜੇ ਉੱਤੇ ਖ਼ਾਲਸਾ ਸਾਜਣ ਦੀ ਇਤਿਹਾਸਕ ਘਟਨਾ, ਇਸ ਕੜੀ ਦਾ ਸਿਖਰ ਸੀ। ਵਿਸਾਖੀ ਦੀ ਪ੍ਰਸਿੱਧੀ ਕੇਵਲ ਰਵਾਇਤੀ ਰੌਣਕੀ ਮੇਲੇ ਇਕੱਠ ਅਥਵਾ ਮੇਲੇ ਦੇ ਕਰਮ-ਕਾਂਡੀ ਪੁਰਬ ਤੱਕ ਹੀ ਸੀਮਿਤ ਨਾ ਹੋ ਕੇ ਬਹੁ-ਪੱਖੀ ਮਹੱਤਵ ਗ੍ਰਹਿਣ ਕਰ ਗਈ ਸੀ।

ਇਸ ਦਿਨ ਉੱਤੇ 'ਪੰਜ ਪਿਆਰਿਆਂ ਦੀ ਸਥਾਪਨਾ' ਜੋ ਇਕ ਭਾਰੀ ਇਕੱਠ ਵਿੱਚ ਗੁਰੂ ਗੋਬਿੰਦ ਸਿੰਘ ਨੇ ਇਕ ਨਾਟਕੀ ਵਿਧੀ ਰਾਹੀਂ ਕੀਤੀ, ਸੰਸਾਰ ਦੀ ਇਕ ਵਿਲੱਖਣ ਅਤੇ ਪ੍ਰਸਿੱਧ ਘਟਨਾ ਬਣਕੇ ਉਭਰੀ। ਇਹ ਸ਼ੁਭ ਦਿਹਾੜਾ ਅਨੰਦਪੁਰ ਸਾਹਿਬ ਵਿਖੇ ਪਹਾੜੀ ਰਾਜਿਆਂ ਦੀ ਬਦਨੀਤੀ ਅਤੇ ਮੁਗਲਈ ਹਾਕਮਾਂ ਦੇ ਜ਼ੁਲਮ-ਜ਼ਬਰ, ਅਨਿਆਇ ਅਤੇ ਸੋਸ਼ਣ ਦੇ ਖ਼ਾਤਮੇ ਲਈ ਜਨਤਕ ਸੰਘਰਸ਼ ਲਾਮਬੰਦ ਕਰਨ ਦੇ ਐਲਾਨ ਨਾਲ ਸਬੰਧਿਤ ਸੀ। ਇਹ ਦਿਨ ਜਾਤੀ ਭੇਦ-ਭਾਵ ਤੇ ਊਚ-ਨੀਚ ਦੇ ਵਿਤਕਰੇ ਨੂੰ ਮੇਟਣ, ਮਨੁੱਖੀ ਬਰਾਬਰੀ ਤੇ ਸਾਂਝੀਵਾਲਤਾ ਦੇ ਸਥਾਪਨਾ ਦਾ ਸੰਕਲਪ ਲੈਣ ਦਾ ਦਿਨ ਸੀ। ਅਨੰਦਪੁਰ ਸਾਹਿਬ ਦੀ 1699ਈ. ਦੀ ਵਿਸਾਖੀ ਦਾ ਮਹਾਨ ਇਤਿਹਾਸਕ ਦਿਨ, ਸਮੁੱਚੇ ਭਾਰਤ ਅਤੇ ਪੰਜਾਬੀਆਂ ਦੇ ਸੂਰਬੀਰ ਨਾਇਕ ਗੁਰੂ ਗੋਬਿੰਦ ਸਿੰਘ ਜੀ ਦੀ ਕਾਰਜ-ਸ਼ੈਲੀ ਦਾ ਇਕ ਅਦੁੱਤੀ ਨਮੂਨਾ ਸੀ। ਜ਼ਾਲਮ ਹਕੂਮਤ ਦੀਆਂ ਵਧੀਕੀਆਂ ਦੇ ਵਿਰੁੱਧ ਜਨਤਾ ਦੇ ਮਨਾਂ ਵਿੱਚ ਰੋਸ ਅਤੇ ਪ੍ਰਤਿਕਰਮ ਨੂੰ ਪੇਸ਼ ਕਰਕੇ ਲੋਕਾਈ ਦੀ ਹੋਂਦ ਨੂੰ ਬਰਕਰਾਰ ਰੱਖਣ ਦਾ ਸੰਕਲਪ ਸੀ। ਇਸ ਸੰਕਲਪ ਨੇ ਦੇਸ਼ ਵਾਸੀਆਂ ਨੂੰ ਜੋ ਸਦੀਆਂ ਤੋਂ ਨਿਤਾਣੇ ਨਿਮਾਣੇ ਅਤੇ ਉਤਸ਼ਾਹ ਹੀਣ ਹੋਏ ਬੈਠੇ ਸਨ ਗੁਲਾਮੀ ਦੇ ਵਿਰੁੱਧ ਜਿਸ ਵਿੱਚ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਕ ਆਜ਼ਾਦੀ ਦੀ ਮਨਾਹੀ ਸੀ, ਵਿਰੁੱਧ ਬਹਾਦਰੀ ਨਾਲ ਲੜਨ ਦੀ ਰੂਹ ਫੂਕੀ।

ਇਹ ਦਿਨ ਇਕ ਨਵੀਂ ਸੋਚ, ਨਵੇਂ ਯੁੱਗ ਅਤੇ ਨਵੇਂ ਪੈਗਾਮ ਦੇ ਜਨਮ, ਆਰੰਭ ਅਤੇ ਪ੍ਰਸਾਰ ਕਰਨ ਦਾ ਦਿਨ ਸੀ। 1699ਈ. ਦੀ ਅਨੰਦਪੁਰ ਸਾਹਿਬ ਦੀ ਵਿਸਾਖੀ ਦੇ ਦਿਹਾੜੇ ਉੱਤੇ ਗੁਰੂ ਨਾਇਕ ਦੀ ਜ਼ੁਲਮ ਜਬਰ ਅਤੇ ਜਾਤੀ-ਵਿਤਕਰੇ ਵਾਲੇ ਸਮਾਜ ਦਾ ਅੰਤ ਕਰਨ ਦੀ ਜੋ ਵਿਉਂਤ ਸੀ ਉਸ ਨੂੰ ਅਮਲੀ ਰੂਪ ਦੇ ਦਿੱਤਾ। ਵੱਖ-ਵੱਖ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਖ਼ਾਲਸਾ ਸਿਰਜਨਾ ਦੀ ਮਹਾਨ ਘਟਨਾ ਨੂੰ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ।

ਖੁੱਲ੍ਹੇ ਪੰਡਾਲ ਵਿੱਚ ਹੋਏ ਇਕੱਠ ਨੂੰ ਸੀਸ ਭੇਟ ਕਰਨ ਦੇ ਚਾਅ ਨਾਲ ਆਪਣੀ ਸੀਸ ਮੰਗਣ ਦੀ ਮੰਗ ਨੂੰ ਜੋੜ ਕੇ ਕਪਟੀਆਂ ਦਾ ਪਾਜ ਖੋਲ੍ਹ ਦਿੱਤਾ ਸੀ ਜੋ ਕੇਵਲ ਦਿਖਾਵਾ ਕਰਨਾ ਜਾਣਦੇ ਸਨ। ਤੰਬੂ ਦੇ ਬਾਹਰ ਅਤੇ ਅੰਦਰ ਦੀ ਘਟਨਾ ਪਿਛੋਂ ਜਦ ਪੰਜ ਸਿੱਖ, ਸੰਤ ਸਿਪਾਹੀ ਦੇ ਰੂਪ ਵਿੱਚ ਸੰਗਤ ਦੇ ਰੂਬਰੂ ਪੇਸ਼ ਹੋਏ ਤਾਂ ਇਹ ਘਟਨਾ ਵਿਖਾਵੇ ਦਾ ਜੀਵਨ ਜੀਉਣ ਵਾਲੇ ਲੋਕਾਂ ਲਈ ਇਕ ਵੰਗਾਰ ਸੀ ਜਿਨ੍ਹਾਂ ਨੂੰ ਹੁਣ ਸੱਚ ਅਤੇ ਝੂਠ ਦੇ ਰਾਹ ਵਿਚੋਂ ਇਕ ਦੀ ਚੋਣ ਕਰਨੀ ਪੈਣੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਅਨਿਆਇ ਅਤੇ ਨਾ ਬਰਾਬਰੀ ਵਿਰੁੱਧ ਲੜਨ ਲਈ ਤਿਆਰ ਇਹ ਪੰਜ ਸਿੱਖਾਂ ਦੀ ਬਹਾਦਰ ਫੌਜ ਪਿੱਛੋਂ ਵੱਧਦੀ ਗਈ। ਇਹ ਨਵੀਂ ਅਤੇ ਮਹਾਨ ਸਿਰਜਣਾ ਸੀ। ਇਨ੍ਹਾਂ ਨੂੰ ਸਿੰਘ (ਸ਼ੇਰ ਦਾ ਲਕਬ ਬਖ਼ਸ਼ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਨ੍ਹਾਂ ਦੇ ਹੱਥੋਂ ਅੰਮ੍ਰਿਤ ਛੱਕ ਕੇ ਵੱਡੇ-ਛੋਟੇ ਉੱਚ-ਨੀਵੇਂ ਦੇ ਵਿਤਕਰੇ ਨੂੰ ਅਮਲ ਵਿੱਚ ਖਤਮ ਕਰ ਦਿੱਤਾ। ਭਾਰਤੀ ਦਾਰਸ਼ਨਿਕ ਪ੍ਰੰਪਰਾ ਵਿੱਚ ਗੁਰੂ ਚੇਲੇ ਦਾ ਅੰਤਰ ਲੰਮੇ ਸਮੇਂ ਤੋਂ ਚਲਿਆ ਆ ਰਿਹਾ ਸੀ। ਗੁਰੂ ਜੀ ਨੇ ਨਵੀਂ ਪਿਰਤ ਦਾ ਅਗਾਜ਼ ਕੀਤਾ। ਇਸ ਨਵੀਂ ਪਿਰਤ ਬਾਰੇ ਜ਼ਿਕਰ ਹੈ:

**ਪ੍ਰਗਟਿਆ ਮਰਦ ਅਗੰਮੜਾ ਵਰਿਆਮ ਇਕੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥**

ਗੁਰੂ ਨੇ ਵੱਖ ਵੱਖ ਜਾਤਾਂ ਨਾਲ ਸੰਬੰਧਤ ਪੰਜ ਸਿੱਖਾਂ ਵਿੱਚ ਅਤੇ ਲੋਕਾਈ ਵਿੱਚ ਇਸ ਚਮਤਕਾਰੀ ਘਟਨਾ ਨਾਲ ਮਨੁੱਖੀ ਬਰਾਬਰੀ ਦਾ ਅਹਿਸਾਸ ਜਗਾ ਦਿੱਤਾ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਮੋਹਕਮ ਸਿੰਘ ਨੂੰ ਗਲ ਨਾਲ ਲਾਇਆ, ਦਿਲੀ ਪਿਆਰਿਆਂ ਦਾ ਰੁਤਬਾ ਦਿੱਤਾ ਅਤੇ ਆਪਣੀ ਅਤੇ ਖ਼ਾਲਸੇ ਦੀ ਅਭੇਦਤਾ ਨੂੰ ਪ੍ਰਗਟਾਉਂਦਿਆਂ ਕਿਹਾ:


**ਖ਼ਾਲਸਾ ਮੇਰੋ ਰੂਪ ਹੈ ਖਾਸ॥**
**ਖਾਲਸੇ ਮਹਿ ਹਉਂ ਕਰੋਂ ਨਿਵਾਸ॥**

ਅਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਸਾਹਿਬ ਦਾ ਸਥਾਨ ਖ਼ਾਲਸੇ ਦੀ ਸਿਰਜਨਾ ਦੀ ਘਟਨਾ ਤੋਂ ਪਿੱਛੋਂ ਸਿੱਖਾਂ ਅਤੇ ਸਰਬੱਤ ਦਾ ਪਵਿੱਤਰ ਸਥਾਨ ਸਥਾਪਿਤ ਹੋ ਗਿਆ।

ਗੁਰੂ ਸਾਹਿਬ ਸੂਰਬੀਰ ਯੋਧਾ, ਸਮਾਜ ਸੁਧਾਰਕ, ਸਮਾਜ ਉਸਰਈਆ, ਮਹਾਨ ਕਵੀ, ਕੁਸ਼ਲ ਸੈਨਾਪਤੀ ਅਤੇ ਸਫਲ ਪ੍ਰਬੰਧਕ ਸਨ।

ਵਿਸਾਖੀ ਦਾ ਪੁਰਬ ਦਮਦਮਾ ਸਾਹਿਬ, ਤਲਵੰਡੀ ਸਾਬੋ ਅਤੇ ਸਥਾਨਕ ਸਥਾਨਾਂ ਉੱਤੇ ਵੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਪਰ ਅਨੰਦਪੁਰ ਸਾਹਿਬ ਦੀ ਵਿਸਾਖੀ ਦਾ ਅਨੋਖਾ ਜਲਾਲ ਹੈ। ਦੀਵਾਨ ਸੱਜਦੇ ਹਨ। ਕਵੀਸ਼ਰੀ ਗਾਈ ਜਾਂਦੀ ਹੈ। ਸੰਗਤ ਹੁੰਮ-ਹੁੰਮਾ ਕੇ ਪੁਜਦੀਆਂ ਹਨ।

ਭਾਰਤ ਅਤੇ ਪੰਜਾਬ ਦੀ ਵਿਸਾਖੀ ਦਾ ਗੌਰਵ 1919 ਵਿੱਚ ਹੋਈ ਜਲ੍ਹਿਆਂ ਵਾਲੇ ਬਾਗ਼ ਦੀ ਖੂਨੀ ਘਟਨਾ ਨਾਲ ਹੋਰ ਵੀ ਵਧਿਆ ਜਦੋਂ ਦੇਸ਼ ਦੀ ਸੁਤੰਤਰਤਾ ਲਈ ਵਿਚਾਰਨ ਦੇ ਸਾਰਥਕ ਯਤਨ ਨੂੰ ਪਛਾੜਨ ਲਈ ਇਸ ਦਿਨ ਉੱਤੇ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਹਜ਼ਾਰਾਂ ਦੇਸ਼ ਭਗਤੀ ਦੇ ਜਜ਼ਬ ਨਾਲ ਭਰਪੂਰ ਯਾਤਰੂ ਅਤੇ ਸ਼ਹਿਰ ਦੇ ਚੇਤੰਨ ਲੋਕ ਜਲ੍ਹਿਆਂ ਵਾਲੇ ਬਾਗ਼ ਵਿੱਚ ਇਕ ਜਲਸੇ ਦੇ ਰੂਪ ਵਿੱਚ ਇਕਤਰ ਹੋਏ। ਇਨ੍ਹਾਂ ਦਾ ਦੋਸ਼ ਇਹ ਸੀ ਕਿ ਉਹ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਤੋਂ ਤੰਗ ਆ ਚੁੱਕੇ ਸਨ ਤੇ ਹੁਣ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਦਾ ਪ੍ਰਣ ਲੈ ਰਹੇ ਸਨ।



ਉਸ ਦਿਨ ਮੌਕੇ ਉੱਤੇ ਅੰਗਰੇਜ਼ ਹਕੂਮਤ ਦੁਆਰਾ ਹਜ਼ਾਰਾਂ ਲੋਕਾਂ ਨੂੰ ਗੋਲੀਆਂ ਨਾਲ ਭੁੰਨਣ ਦੀ ਘਟਨਾ ਨਾਲ ਅੰਗਰੇਜ਼ੀ ਹਕੂਮਤ ਨੇ ਆਪਣਾ ਕਫ਼ਨ ਤਿਆਰ ਕਰ ਲਿਆ ਤੇ ਦੇਸ਼ ਵਾਸੀਆਂ ਨੂੰ ਆਜ਼ਾਦੀ ਪ੍ਰਾਪਤ ਕਰਨ ਤੱਕ ਲੜਦੇ ਰਹਿਣ ਤੇ ਸ਼ਹੀਦੀਆਂ ਪ੍ਰਾਪਤ ਕਰਨ ਦੇ ਮਾਰਗ 'ਤੇ ਤੋਰ ਦਿੱਤਾ। ਇਸ ਸਾਕੇ ਦੀ ਵਿਥਿਆ ਲੂ-ਕੰਡੇ ਖੜੇ ਕਰਨ ਵਾਲੀ ਹੈ ਪਰ ਭਾਰਤੀ ਝੁਕੇ ਨਾ, ਸਗੋਂ ਦੂਣ ਸਵਾਏ ਹੋਏ।

ਉਪ੍ਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਵਿਸਾਖੀ ਦਾ ਪੁਰਬ ਮੇਲਾ ਸਮੂਹ ਲੋਕਾਂ ਦਾ ਸਾਂਝਾ ਸਮਾਜਕ, ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਤਿਉਹਾਰ ਹੈ। ਖ਼ਾਲਸੇ ਦੀ ਸਾਜਨਾ ਅਤੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੇ ਇਸ ਦੀ ਅਹਿਮੀਅਤ ਨੂੰ ਕਈ ਗੁਣਾਂ ਵਧਾਇਆ ਅਤੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਪ੍ਰਸਾਰ ਕੇ ਇਸ ਮਾਰਗ ਤੇ ਅਮਲ ਕਰਕੇ ਭਵਿੱਖ ਵਿੱਚ ਆਉਣ ਵਾਲੀਆਂ ਕੌਮਾਂ ਦਾ ਮਾਰਗ ਦਰਸ਼ਨ ਕੀਤਾ। ਵਿਸਾਖੀ ਸਾਰਿਆਂ ਨੂੰ ਬਹੁ-ਪੱਖੀ ਪ੍ਰੇਰਨਾ ਦਿੰਦੀ ਹੈ। ਇਹ ਦਿਨ ਵੱਖ-ਵੱਖ ਸੰਸਥਾਵਾਂ ਅਤੇ ਲੋਕਾਂ ਵੱਲੋਂ ਬੜੀ ਸੱਜ-ਧੱਜ ਅਤੇ ਵਿਉਂਤਬੰਦ ਢੰਗ ਨਾਲ ਮਨਾਇਆ ਜਾਂਦਾ ਹੈ। ਇਹ ਗੱਲ ਉੱਚਿਤ ਹੈ ਕਿ ਮੌਜੂਦਾ ਸਮੇਂ ਦੇ ਵਿਸਾਖੀ ਮੇਲੇ ਪਹਿਲਾਂ ਵਰਗੇ ਰੰਗੀਨ ਨਹੀਂ ਰਹੇ ਜਿਥੇ ਖੱਟੀਆਂ, ਸੰਧੂਰੀਆਂ, ਲਾਲ-ਉਨਾਬੀ, ਸੂਹੀਆਂ ਹਰੀਆਂ ਤੇ ਪੰਜਾਬੀ ਰੰਗ ਬਰੰਗੀਆਂ ਪੁਸ਼ਾਕਾਂ ਤੇ ਚਿਣ ਚਿਣ ਪਾਈਆਂ ਚੋਣਾਂ ਵਾਲੀਆਂ ਰੰਗ ਬਰੰਗੀਆਂ ਚੁੰਨੀਆਂ, ਕੰਨਾਂ ਵਿੱਚ ਲਿਸ਼ਕਦੇ ਵਾਲਿਆਂ ਅਤੇ ਸੋਹਣੇ ਪਰਾਂਦਿਆਂ ਦੇ ਦ੍ਰਿਸ਼ ਨਹੀਂ ਰਹੇ ਪਰ ਇਸ ਦਿਨ ਸਟੇਜਾਂ ਉੱਤੇ ਪੈਂਦੇ ਭੰਗੜੇ, ਗਿੱਧੇ, ਵਿਸਾਖੀ ਦੀ ਵਿਰਾਸਤ ਨੂੰ ਅਗਾਂਹ ਤੋਰ ਰਹੇ ਹਨ ਤੇ ਸਾਂਝੇ ਮੇਲੇ ਤੇ ਭਾਈਚਾਰਕ ਸਾਂਝ ਨੂੰ ਟੁੱਟਣ ਨਹੀਂ ਦੇ ਰਹੇ ਉਥੇ ਸਾਂਝੀਵਾਲਤਾ ਅਤੇ ਅਨਿਆਇ ਵਿਰੁੱਧ ਸ਼ਹੀਦੀਆਂ ਦਾ ਇਤਿਹਾਸਕ ਸੱਚ ਮੁੜ ਚਰਚਾ ਵਿੱਚ ਪ੍ਰਵਾਹਤ ਹੁੰਦਾ ਹੈ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਸੇਵਾ ਤੇ ਸਿਮਰਨ ਦੇ ਪੁੰਜ : ਸ੍ਰੀ ਗੁਰੂ ਅਮਰਦਾਸ ਜੀ




ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸਿੱਖਾਂ ਦੇ ਤੀਸਰੇ ਗੁਰੂ ਹਨ। ਆਪ ਜੀ ਦਾ ਜਨਮ 5 ਮਈ 1479 ਈ. ਨੂੰ ਮਾਤਾ ਲਕਸ਼ਮੀ ਜੀ ਦੀ ਪਵਿੱਤਰ ਕੁੱਖੋਂ ਪਿਤਾ ਸ੍ਰੀ ਤੇਜ ਭਾਨ ਜੀ ਦੇ ਘਰ ਬਾਸਰਕੇ (ਅੰਮ੍ਰਿਤਸਰ) ਵਿਖੇ ਹੋਇਆ। ਗੁਰੂ ਸਾਹਿਬ ਨੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਇਸ ਨਿਵੇਕਲੇ ਪੰਥ ਨੂੰ ਇਕ ਮਜ਼ਬੂਤ ਆਧਾਰ ਬਖ਼ਸ਼ਿਆ।

ਗੁਰੂ ਅੰਗਦ ਦੇਵ ਜੀ ਨਾਲ ਗੁਰੂ ਅਮਰਦਾਸ ਜੀ ਦਾ ਮੇਲ ਸੰਮਤ 1597 ਈ. ਵਿਚ ਹੋਇਆ ਜੋ ਖਿਣ ਮਾਤਰ 'ਚ ਹੀ ਸਦੀਵੀ ਸੰਗ ਵਿਚ ਬਦਲ ਗਿਆ। ਗੁਰੂ ਅਮਰਦਾਸ ਜੀ ਨੇ ਰਤਾ ਵੀ ਢਿੱਲ ਨਾ ਕੀਤੀ ਤੇ ਆਪਾ ਗੁਰੂ ਅੰਗਦ ਸਾਹਿਬ ਦੇ ਚਰਨਾਂ 'ਚ ਅਰਪਣ ਕਰ ਦਿੱਤਾ। ਗੁਰੂ ਅਮਰਦਾਸ ਸਾਹਿਬ ਗੁਰੂ ਅੰਗਦ ਸਾਹਿਬ ਜੀ ਦੀ ਸ਼ਰਨ 'ਚ ਆਏ ਤੇ ਅਨਿਨ ਸੇਵਕ ਬਣ ਕੇ ਰਹੇ। ਗੁਰੂ ਹੁਕਮ ਨੂੰ ਜਪ ਤਪ ਸਮਝ ਕੇ ਮੰਨਿਆ। ਆਪ ਜੀ ਤਨ ਤੇ ਮਨ ਤੋਂ ਗੁਰੂ ਦੇ ਸਿੱਖ ਬਣੇ। ਤਨ ਸੇਵਾ 'ਚ ਲੱਗਿਆ ਰਹਿੰਦਾ ਤੇ ਮਨ ਸਿਮਰਨ 'ਚ ਲੀਨ ਰਹਿੰਦਾ। ਸਤਿਗੁਰੂ ਦੀ ਸ਼ਰਨ ਤੇ ਨਦਰਿ ਤੋਂ ਬਿਨਾਂ ਇਸ ਮਾਰਗ 'ਤੇ ਨਹੀਂ ਚੱਲਿਆ ਜਾ ਸਕਦਾ। ਗੁਰੂ ਨਾਲ ਸਿੱਖ ਦਾ ਮੇਲ ਸੰਸਾਰ ਦੀ ਸਭ ਤੋਂ ਸ੍ਰੇਸ਼ਟ ਤੇ ਅਦੁੱਤੀ ਘਟਨਾ ਹੁੰਦੀ ਹੈ, ਜਿਸ ਦੇ ਸੁੱਖ ਨੂੰ ਬਖਾਨ ਨਹੀਂ ਕੀਤਾ ਜਾ ਸਕਦਾ।


**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**




ਭਾਈ ਗੁਰਦਾਸ ਜੀ ਨੇ ਗੁਰੂ ਅਮਰਦਾਸ ਸਾਹਿਬ ਦੀ ਮਹਿਮਾ ਕਰਦਿਆਂ ਕਿਹਾ ਸੀ ਕਿ ਆਪ ਨੇ ਸਿੱਖ ਪੰਥ ਨੂੰ ਪੂਰਨ ਮਰਿਆਦਾ ਨਾਲ ਅੱਗੇ ਵਧਾਇਆ ਤੇ ਗੁਰੂ ਸ਼ਬਦ ਦਾ ਖਜ਼ਾਨਾ ਖੋਲ੍ਹ ਮਨੁੱਖਤਾ ਨੂੰ ਨਿਹਾਲ ਕਰ ਦਿੱਤਾ। ਗੁਰੂ ਅਮਰਦਾਸ ਜੀ ਨੇ ਸੇਵਾ ਤੇ ਸਿਮਰਨ ਦੀ ਰਾਹ ਦੱਸੀ। ਸੇਵਾ ਮਨੁੱਖ ਸਿਮਰਨ ਵਾਂਗੂ ਕਰੇ।


ਗੁਰੂ ਅਮਰਦਾਸ ਸਾਹਿਬ ਦਾ ਜੀਵਨ ਮਨੁੱਖੀ ਪ੍ਰੇਰਣਾ ਦਾ ਵੱਡਾ ਸ੍ਰੋਤ ਹੈ ਕਿ ਪਰਮਾਤਮਾ ਸ਼ਰਨ 'ਚ ਆਇਆਂ ਦੀ ਆਪ ਪਤਿ ਰੱਖਦਾ ਤੇ ਜੀਵਨ ਸੰਵਾਰਦਾ ਹੈ। ਪਰਮਾਤਮਾ ਹੀ ਜੀਵਨ ਮੁਕਤੀ ਦੀ ਰਾਹ ਵਿਖਾਉਣ ਵਾਲਾ ਤੇ ਰਾਹ 'ਤੇ ਪਾਉਣ ਵਾਲਾ ਹੈ। ਸਤਿਗੁਰੂ ਦਾ ਹੁਕਮ ਮੰਨ ਕੇ ਹੀ ਜੀਵਨ ਸਫਲ ਹੁੰਦਾ ਹੈ। ਜੋ ਹੁਕਮ ਤੋਂ ਬਾਹਰ ਰਹਿ ਕੇ ਸੰਸਾਰ ਦੇ ਰਸਾਂ ਵਿਚ ਰਮੇ ਰਹਿੰਦੇ ਹਨ ਜੀਵਨ ਦਾ ਦੁਰਲੱਭ ਅਵਸਰ ਗੁਆ ਬਹਿੰਦੇ ਹਨ। ਮਨੁੱਖ ਕਿੰਨੇ ਹੀ ਯਤਨ ਕਿਉਂ ਨਾ ਕਰ ਲਵੇ ਸਤਿਗੁਰੂ ਦੀ ਮਿਹਰ ਤੋਂ ਬਿਨਾਂ ਭਟਕਣ ਨਹੀਂ ਮਿਟ ਸਕਦੀ ਤੇ ਸੁੱਖਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ ? ਗੁਰੂ ਸ਼ਬਦ ਨਾਲ ਹੀ ਮਨ ਨਿਰਮਲ ਹੁੰਦਾ ਹੈ ਤੇ ਪਰਮਾਤਮਾ 'ਚ ਟਿਕਦਾ ਹੈ:

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**

ਗੁਰੂ ਅਮਰਦਾਸ ਸਾਹਿਬ ਨੇ ਕਿਹਾ ਕਿ ਪਰਮਾਤਮਾ ਨੇ ਮਨੁੱਖੀ ਤਨ ਇਕ ਖਾਸ ਮਨੋਰਥ ਲਈ ਸਿਰਜਿਆ ਹੈ। ਮਨੁੱਖੀ ਤਨ ਦੀ ਸਿਫਤ ਹੈ ਕਿ ਇਹ ਪਰਮਾਤਮਾ ਦੀ ਪ੍ਰਤੀਤਿ ਕਰ ਸਕਦਾ ਹੈ। ਚੁਰਾਸੀ ਲੱਖ ਜੀਵਾਂ 'ਚੋਂ ਕਿਸੇ ਹੋਰ ਜੀਵ ਅੰਦਰ ਇਹ ਸਮਰਥਾ ਨਹੀਂ ਹੈ। ਮਨੁੱਖ ਦਾ ਮਨ ਪਰਮਾਤਮਾ ਦੇ ਸਰਬ ਵਿਆਪਕ ਰੂਪ ਨੂੰ ਵੇਖ ਸਕਦਾ ਹੈ।

ਬਿਰਧ ਅਵਸਥਾ ਦੇ ਬਾਵਜੂਦ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਤੇ ਸੰਗਤ ਦੀ ਅਣਥਕ ਸੇਵਾ ਕੀਤੀ। ਆਪ ਦਾ ਦਿਨ ਗੁਰੂ ਅੰਗਦ ਦੇਵ ਜੀ ਦੇ ਜਾਗਣ ਤੋਂ ਪਹਿਲਾਂ ਹੀ ਆਰੰਭ ਹੋ ਜਾਂਦਾ ਤੇ ਉਨ੍ਹਾਂ ਦੇ ਰਾਤ ਨੂੰ ਆਰਾਮ ਕਰਨ ਤੋਂ ਬਾਅਦ ਹੀ ਪੂਰਾ ਹੁੰਦਾ ਸੀ। ਇਹ ਕੁਝ ਦਿਨਾਂ, ਮਹੀਨਿਆਂ, ਸਾਲ ਦੋ ਸਾਲ ਦਾ ਨਹੀਂ ਬਾਰ੍ਹਾਂ ਸਾਲ ਤੋਂ ਵੀ ਜ਼ਿਆਦਾ ਦਾ ਕਰੜਾ ਤਪ ਸੀ, ਜੋ ਸੇਵਾ ਤੇ ਸਿਮਰਨ ਰੂਪ 'ਚ ਸਿੱਧ ਹੋਇਆ। ਗੁਰੂ ਅਮਰਦਾਸ ਜੀ ਜਾਣਦੇ ਸਨ ਕਿ ਵਿਕਾਰਾਂ ਤੋਂ ਪਾਰ ਪਾਉਣਾ ਸੌਖਾ ਨਹੀਂ। ਆਪ ਨੇ ਸੁਚੇਤ ਕੀਤਾ ਕਿ ਮਨੁੱਖ ਕਿੰਨੀ ਹੀ ਸੇਵਾ ਕਰ ਲਵੇ, ਸਿਮਰਨ ਕਰ ਲਵੇ ਪਰ ਮਨ ਤੋਂ ਵਿਕਾਰ ਨਾ ਗਏ ਤਾਂ ਸਭ ਨਿਹਫਲ ਹੋ ਜਾਏਗਾ।

ਗੁਰੂ ਅਮਰਦਾਸ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀਆਂ ਸਿਖਿਆਵਾਂ ਨੂੰ ਦ੍ਰਿੜ੍ਹ ਕਰਾਉਂਦਿਆਂ ਕਿਹਾ ਕਿ ਭੇਖ ਤੇ ਪਾਖੰਡ ਨਾਲ ਪਰਮਾਤਮਾ ਨਹੀਂ ਮਿਲਦਾ। ਲੋਕ ਖਾਸ ਵੇਸ਼, ਰੂਪ ਧਾਰਨ ਕਰ ਕੇ ਆਪਣੇ-ਆਪ ਨੂੰ ਧਰਮੀ



ਸਾਬਤ ਕਰਦੇ ਸਨ ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਆਪਣੇ ਨਿੱਜੀ ਮਕਸਦ ਪੂਰੇ ਕਰਦੇ ਸਨ। ਗੁਰੂ ਸਾਹਿਬ ਨੇ ਕਿਹਾ ਕਿ ਮਨੁੱਖ ਦੇ ਗੁਣ ਹੀ ਉਸ ਦੇ ਧਰਮੀ ਹੋਣ ਦੀ ਸੱਚੀ ਤੇ ਪੱਕੀ ਗਵਾਹੀ ਹੁੰਦੇ ਹਨ। ਜੋਗੀਆਂ ਦੇ ਭੇਖ ਦਾ ਜ਼ਿਕਰ ਕਰਦਿਆਂ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਮਨੁੱਖ ਦੀ ਸੁਚੱਜੀ ਕਿਰਤ ਤੇ ਪਰਉਪਕਾਰੀ ਵਿਰਤੀ ਹੋਵੇ ਤਾਂ ਉਸ ਨੂੰ ਕੰਨਾਂ 'ਚ ਮੁੰਦਰਾਂ ਤੇ ਤਨ 'ਤੇ ਲੰਬਾ ਚੋਲਾ ਪਾਉਣ ਦੀ ਲੋੜ ਨਹੀਂ ਹੁੰਦੀ।

ਗੁਰੂ ਅਮਰਦਾਸ ਸਾਹਿਬ ਦਾ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਗੁਰੂ ਸ਼ਬਦ ਦੀ ਪ੍ਰੇਰਣਾ ਸਦਕਾ ਹੋਇਆ ਸੀ। ਗੁਰੂ ਅੰਗਦ ਦੇਵ ਜੀ ਦੇ ਪ੍ਰਤੱਖ ਦਰਸ਼ਨ ਕਰ ਆਪ ਦੇ ਮਨ ਅੰਦਰ ਚੱਲ ਰਹੇ ਵਿਕਾਰਾਂ ਦੇ ਸਾਰੇ ਸ਼ੋਰ ਸ਼ਾਂਤ ਹੋ ਗਏ ਤੇ ਮਨ ਸਹਿਜ ਪ੍ਰੇਮ ਵਿਚ ਆ ਗਿਆ। ਗੁਰੂ ਅਮਰਦਾਸ ਜੀ ਦੀ ਬਾਰ੍ਹਾਂ ਸਾਲ ਦੀ ਸੇਵਾ ਦਰਅਸਲ ਉਨ੍ਹਾਂ ਦੇ ਆਤਮਕ ਗੁਣਾਂ ਤੇ ਸ੍ਰੇਸ਼ਟਤਾ ਦਾ ਪ੍ਰਗਟਾਵਾ ਮਾਤਰ ਸੀ। ਸਤਿਗੁਰੂ ਗਿਆਨ ਦੀ ਬਖਸ਼ਿਸ਼ ਨਾਲ ਸਿੱਖ ਨੂੰ ਗੁਣਾਂ ਦਾ ਧਾਰਨੀ ਬਣਾਉਂਦਾ ਹੈ।


**ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ ॥**
**ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥**

ਗੁਰੂ ਦੇ ਬਖ਼ਸ਼ੇ ਗੁਣਾਂ ਨਾਲ ਹੀ ਸਿੱਖਾਂ ਨੇ ਸੇਵਾ ਦੀਆਂ ਮਿਸਾਲਾਂ ਅਤੇ ਅਦੁੱਤੀ ਬਲਿਦਾਨਾਂ ਦੇ ਇਤਿਹਾਸ ਰਚੇ ਗਏ ਜਿਸ 'ਤੇ ਅੱਜ ਅਸੀਂ ਮਾਣ ਕਰਦੇ ਨਹੀਂ ਥੱਕਦੇ। ਗੁਰੂ ਅਮਰਦਾਸ ਸਾਹਿਬ ਨੇ ਸੰਪੂਰਨ ਮਨੁੱਖੀ ਜੀਵਨ ਨੂੰ ਧਰਮ ਦੇ ਦਾਇਰੇ ਅੰਦਰ ਲਿਆਂਦਾ। ਆਪ ਨੇ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਵਿਆਪਕ ਚੇਤਨਾ ਜਾਗ੍ਰਿਤ ਕੀਤੀ। ਗੁਰੂ ਦੇ ਲੰਗਰ ਨੂੰ ਗੁਰੂ ਅਮਰਦਾਸ ਸਾਹਿਬ ਨੇ ਸਮਾਜਿਕ ਸਮਾਨਤਾ ਦੀ ਸੋਚ ਨਾਲ ਜੋੜ ਕੇ ਸਿੱਖ ਪੰਥ ਦੀ ਇਕ ਪਾਵਨ ਸੰਸਥਾ ਬਣਾ ਦਿੱਤਾ। ਲੰਗਰ ਸਰੀਰਕ ਭੁੱਖ ਹੀ ਨਹੀਂ ਆਤਮਿਕ ਲੋੜ ਦਾ ਵੀ ਹਿੱਸਾ ਬਣ ਗਿਆ।

ਅੱਜ ਜਦੋਂ ਵੀ ਕੋਈ ਗੁਰਸਿੱਖ ਆਪਣੀ ਸੇਵਾ, ਭਗਤੀ ਤੇ ਗਿਆਨ 'ਤੇ ਮਾਣ ਕਰਨ ਦੀ ਕੋਸ਼ਿਸ਼ ਕਰੇ ਤਾਂ ਇਕ ਵਾਰ ਗੁਰੂ ਅਮਰਦਾਸ ਸਾਹਿਬ ਦੀ ਸੇਵਾ ਨੂੰ ਜ਼ਰੂਰ ਚੇਤੇ ਕਰ ਲਵੇ। ਗੁਰੂ ਅਮਰਦਾਸ ਸਾਹਿਬ ਦੇ ਵਚਨ :

**ਹਮ ਮੂਰਖ ਮੂਰਖ ਮਨ ਮਾਹਿ ॥**
**ਹਉਮੈ ਵਿਚਿ ਸਭ ਕਾਰ ਕਮਾਹਿ ॥**

**ਵਾਹਿਗੁਰੂ ਜੀ ਕਾ ਖ਼ਾਲਸਾ।**
**ਵਾਹਿਗੁਰੂ ਜੀ ਕੀ ਫਤਹਿ ॥**



# ਸੱਚੀ ਸ਼ਰਧਾ

**'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।**

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਜਾਕੈ ਮਨਿ ਗੁਰ ਕੀ ਪਰਤੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥**

**(ਸੁਖਮਨੀ ਮ: ੫, ਪੰਨਾ੨੮੩)**

ਮਨੁੱਖ ਨੂੰ ਸੰਸਾਰ ਤੇ ਸ਼ਰਧਾ ਹੈ ਅਤੇ ਕਰਤਾਰ ਤੇ ਸ਼ੱਕ ਹੈ। ਇਸ ਦਾ ਕਾਰਨ ਇਹ ਹੈ ਕਿ ਸੰਸਾਰ ਦਿਸਦਾ ਹੈ, ਸੰਸਾਰ ਦਾ ਅਕਾਰ ਹੈ। ਜੋ ਅਕਾਰ ਵਾਲਾ ਹੈ ਉਹ ਗਿਣਿਆ ਜਾ ਸਕਦਾ ਹੈ; ਮਿਣਿਆ ਜਾ ਸਕਦਾ ਹੈ, ਤੋਲਿਆ ਜਾ ਸਕਦਾ ਹੈ ਅਤੇ ਗਿਆਨ ਇੰਦਰੀਆਂ ਦੀ ਪਕੜ ਵਿਚ ਆ ਸਕਦਾ ਹੈ। ਨਿਰਾਕਾਰ ਵਿਚ ਵਿਚਾਰ ਨਹੀਂ ਟਿਕਦੀ ਕਿਉਂਕਿ ਇਹ ਅਗੋਚਰ ਹੈ, ਅਲੇਖ ਹੈ, ਬੇਅੰਤ ਹੈ। ਭਗਤ ਰਵਿਦਾਸ ਜੀ ਦਾ ਬਚਨ ਹੈ ਕਿ :

**ਬਿਨੁ ਦੇਖੇ ਉਪਜੈ ਨਹੀ ਆਸਾ॥**

**ਜੋ ਦੀਸੈ ਸੋ ਹੋਇ ਬਿਨਾਸਾ॥**

**(ਭੈਰਉ ਰਵਿਦਾਸ ਜੀ, ਪੰਨਾ ੧੧੬੭)**



ਇਹ ਤਰਕ ਵੀ ਮਹੱਤਵਪੂਰਨ ਨਹੀਂ ਕਿ ਬੰਦਾ ਆਖੇ ਜੋ ਦਿਸਦਾ ਹੈ ਮੈਂ ਉਸ 'ਤੇ ਵਿਸ਼ਵਾਸ ਕਰਾਂਗਾ ਜੋ ਨਹੀਂ ਦਿਸਦਾ ਉਸ ਨੂੰ ਨਹੀਂ ਮੰਨਾਂਗਾ। ਨੀਂਦ, ਭੁੱਖ, ਪਿਆਸ, ਪੀੜਾ ਨਜ਼ਰ ਨਹੀਂ ਆਉਂਦੀਆਂ, ਪਰ ਅਸੀਂ ਇਨ੍ਹਾਂ ਦੀ ਹਸਤੀ ਤੋਂ ਮੁਨਕਿਰ ਨਹੀਂ ਹੁੰਦੇ। ਮੰਨਦੇ ਹਾਂ ਕਿ ਇਹ ਹੈਨ। ਬੇਸ਼ੱਕ ਇਹ ਅਸੀਂ ਦੂਸਰਿਆਂ ਨੂੰ ਵਿਖਾ ਨਹੀਂ ਸਕਦੇ। ਪਰ ਫਿਰ ਵੀ ਅਸੀਂ ਇਨ੍ਹਾਂ ਤੇ ਸ਼ੱਕ ਨਹੀਂ ਕਰਦੇ ਪਰ ਪ੍ਰਮਾਤਮਾ ਤੇ ਜੋ ਸਾਰੇ ਜਗਤ ਦਾ ਮੂਲ ਹੈ ਬੰਦੇ ਨੂੰ ਸ਼ੱਕ ਹੈ। ਸਾਨੂੰ ਪ੍ਰਮਾਤਮਾ ਨੇ ਸਿਰ ਦਿੱਤਾ ਹੈ, ਦਿਮਾਗ਼ ਦਿੱਤਾ ਹੈ ਵਿਚਾਰ ਦਿੱਤੀ ਹੈ। ਜੇ ਅਸੀਂ ਵਿਚਾਰ ਤੋਂ ਥੱਲੇ ਡਿੱਗ ਪਈਏ ਉਥੇ ਸ਼ੱਕ ਤੇ ਨਹੀਂ ਰਹੇਗਾ ਪਰ ਉਥੇ ਸ਼ਰਧਾ ਆ ਜਾਵੇਗੀ। ਸਿਆਣੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਪੁਰਸ਼ ਚਿਤ ਵਿਚ ਸੁਭਾਵਕ ਸ਼ੰਕੇ ਹਨ, ਸ਼ਰਧਾ ਘੱਟ ਹੈ। ਅਤੇ ਇਸਤਰੀ ਚਿਤ ਵਿਚ ਸ਼ਰਧਾ ਸੁਭਾਵਕ ਹੈ ਸ਼ੰਕੇ ਬਹੁਤ ਘੱਟ ਹਨ। ਜਦੋਂ ਸਾਰੇ ਸੁਲਤਾਨਪੁਰ ਵਾਸੀਆਂ ਦੀ ਸ਼ਰਧਾ ਡੋਲ ਜਾਂਦੀ ਹੈ, ਭੈਣ ਨਾਨਕੀ ਦੀ ਸ਼ਰਧਾ ਤਾਂ ਵੀ ਅਡੋਲ ਹੈ। ਇਹੀ ਕਾਰਨ ਹੈ ਜਗਤ ਦੀ ਅਕਾਲ ਪੁਰਖ ਦੇ ਕੀਰਤਨ ਤੇ ਸ਼ਰਧਾ ਬਣਾਉਣ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਨੇ ਰਬਾਬ ਵਾਸਤੇ ਪੈਸੇ ਭੈਣ ਨਾਨਕੀ ਜੀ ਪਾਸੋਂ ਹੀ ਮੰਗੇ ਸਨ। ਮੁਸਲਮਾਨ ਸੱਜਣ ਕਹਿੰਦੇ ਹਨ ਰਾਵੀਆ ਜੋ ਬਸਰੇ ਦੇ ਰਹਿਣ ਵਾਲੀ ਫ਼ਕੀਰ ਔਰਤ ਸੀ। ਉਹ ਹੋ ਗਈ ਉਸ ਵਰਗੀ ਸ਼ਰਧਾ ਕਿਥੋਂ ਮਿਲੇਗੀ। ਹਿੰਦੂ ਵੀਰ ਕਹਿ ਰਹੇ ਹਨ ਮੀਰਾਂ ਬਾਈ ਹੋ ਗਈ ਉਸ ਵਰਗੀ ਸ਼ਰਧਾ ਕਿੱਥੋਂ ਮਿਲੇਗੀ। ਸਤਿਗੁਰੂ ਦਾ ਪੰਥ ਨਿਰਮਲ ਪੰਥ ਅਕਾਲ ਪੁਰਖ ਦਾ ਪੰਥ ਅਜਿਹਾ ਹੈ ਇਸ ਵਿਚ ਹਰ ਤਰ੍ਹਾਂ ਦੇ ਅਮੁਲ ਹੀਰੇ, ਮੋਤੀ ਹਨ ਤੇ ਬੇਅੰਤ ਹਨ। ਬੇਬੇ ਨਾਨਕੀ ਦਾ ਨਾਮ ਲੈਂਦੇ ਹਾਂ ਤਾਂ ਸ਼ਰਧਾ ਨਾਲ ਹਿਰਦਾ ਭਰ ਜਾਂਦਾ ਹੈ। ਮਾਤਾ ਖੀਵੀ ਦੀ ਸ਼ਰਧਾ ਦਾ ਬਿਆਨ ਕੌਣ ਕਰ ਸਕਦਾ ਹੈ :

**ਬਲਵੰਡ, ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥**

**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥**

**(ਰਾਮਕਲੀ, ਪੰਨਾ ੯੬੭)**

ਬੀਬੀ ਭਾਨੀ ਦਾ ਨਾਂ ਲੈਂਦਿਆਂ ਹੀ ਸਿੱਖ ਨੂੰ ਅਤੁਟ ਸ਼ਰਧਾ ਮਿਲਦੀ ਹੈ। ਇਸ ਸਿੱਖ ਪੰਥ ਵਿਚ ਤਨ, ਮਨ, ਧਨ ਅਰਪਨ ਕਰਨ ਵਾਲੇ ਅਨੇਕਾਂ ਹਨ ਜਿਨ੍ਹਾਂ ਵਿਚ ਸਿੰਘ ਵੀ ਹਨ ਅਤੇ ਸਿੰਘਣੀਆਂ ਵੀ ਹਨ। ਸਰੀਰ ਭਾਵੇਂ ਪੁਰਸ਼ ਦਾ ਹੋਵੇ, ਭਾਵੇਂ ਇਸਤਰੀ ਦਾ ਪਰ ਸ਼ਰਧਾ ਪ੍ਰੇਮ ਵਾਸਤੇ ਜੋ ਚਿਤ ਚਾਹੀਦਾ ਹੈ ਵਿਦਵਾਨਾਂ ਨੇ ਉਸ ਨੂੰ ਇਸਤਰੀ ਚਿਤ ਹੀ ਕਿਹਾ ਹੈ। ਅਜਿਹੇ ਚਿਤ ਸਤਿਗੁਰੂ ਦੇ ਦਰ ਤੇ ਰਹਿਣ ਵਾਲੇ ਗੁਰਸਿੱਖਾਂ ਦੇ ਹਨ।

ਜੇ ਸਿੱਖ ਧਰਮ ਕੁਰਬਾਨੀ ਦਾ ਧਰਮ ਹੈ ਤਾਂ ਕੁਰਬਾਨੀ ਸ਼ਰਧਾ ਤੋਂ ਬਿਨਾਂ ਹੋ ਹੀ ਨਹੀਂ ਸਕਦੀ। ਜਿਨ੍ਹਾਂ ਦੇ ਮਨ ਵਿਚ ਸਤਿਗੁਰੂ ਵਾਸਤੇ ਸ਼ੱਕ ਸੀ ਉਨ੍ਹਾਂ ਨਾ ਸੇਵਾ ਕੀਤੀ ਹੈ, ਨਾ ਹੀ ਕੁਰਬਾਨੀ ਕੀਤੀ ਹੈ। ਉਨ੍ਹਾਂ ਤਾਂ ਸਤਿਗੁਰੂ ਦਾ ਬਚਨ ਵੀ ਨਹੀਂ ਮੰਨਿਆ। ਉਹ ਆਪ ਸਤਿਗੁਰੂ ਤੋਂ ਦੂਰ ਹੋ ਗਏ ਅਤੇ ਉਨ੍ਹਾਂ ਨੇ ਸਤਿਗੁਰਾਂ ਦੀ ਨਿੰਦਾ ਕਰਕੇ ਅਨੇਕਾਂ ਹੋਰਨਾਂ ਨੂੰ ਸਤਿਗੁਰਾਂ ਤੋਂ ਦੂਰ ਕਰ ਦਿੱਤਾ ਸੀ। ਸਤਿਗੁਰੂ ਨਾਨਕ ਦੇਵ ਦੇ ਪੁੱਤਰਾਂ ਨੇ ਬਚਨ ਤੇ ਸ਼ੱਕ ਕੀਤਾ ਸੀ। ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਨੇ ਬਚਨ ਤੇ ਸ਼ੱਕ ਕੀਤਾ ਸੀ। ਸਿੱਖਾਂ ਵਿਚੋਂ ਭਾਈ ਮਾਹਣੇ ਵਰਗਿਆਂ ਦੀ ਸ਼ਰਧਾ ਨਹੀਂ ਬਣੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੁਨੀ ਚੰਦ ਨੂੰ ਸਤਿਗੁਰੂ ਦੇ ਹੁਕਮ ਤੇ ਇੰਨਾ ਸ਼ੱਕ ਪਿਆ ਸੀ ਕਿ ਉਸ ਦੇ ਕਾਰਨ ਹੋਰਨਾਂ ਦਾ ਵੀ ਮਨ ਡੋਲ ਗਿਆ ਸੀ ਅਤੇ ਉਹ ਰਾਤੋ ਰਾਤ ਅਨੰਦਪੁਰੋਂ ਭੱਜ ਗਏ ਸਨ। ਪਰ ਜਿਨ੍ਹਾਂ ਦੀ ਸ਼ਰਧਾ ਸੀ ਦੁਨੀ ਚੰਦ ਦੇ ਪੋਤਰੇ ਸਰੂਪ ਸਿੰਘ ਤੇ ਅਨੂਪ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਹਜ਼ੂਰੀ ਵਿਚ ਆ ਕੇ ਆਪਣੇ ਦਾਦੇ ਦੀ ਭੁੱਲ ਬਖਸ਼ਾਈ ਸੀ ਆਪ ਅੰਮ੍ਰਿਤਪਾਨ ਕੀਤਾ ਸੀ ਅਤੇ ਸਤਿਗੁਰਾਂ ਦੇ ਨਾਲ ਰਹਿ ਕੇ ਕੁਰਬਾਨੀ ਕੀਤੀ ਅਤੇ ਧਰਮ ਯੁੱਧ ਵਿਚ ਸ਼ਹੀਦੀ ਪ੍ਰਾਪਤ ਕੀਤੀ ਸੀ।

ਸ਼ੱਕ ਵਾਲੇ ਬੰਦੇ ਦੇ ਹਿਰਦੇ ਵਿਚ ਕੋਈ ਗੁਣ ਨਹੀਂ ਟਿਕਦਾ। ਅਜਿਹਾ ਬੰਦਾ ਗੁਰੂ ਕੋਲੋਂ, ਪ੍ਰਮਾਤਮਾ ਕੋਲੋਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ। ਅਜਿਹੇ ਬੰਦੇ ਦਾ ਪਰਿਵਾਰਕ ਜੀਵਨ ਅਤੇ ਸਮਾਜਕ ਜੀਵਨ ਵੀ ਸ਼ੱਕ ਦੇ ਕਾਰਨ ਪ੍ਰੇਸ਼ਾਨੀ ਨਾਲ ਭਰਿਆ ਹੁੰਦਾ ਹੈ। ਅਜਿਹੇ ਬੰਦੇ ਤੇ ਤਾਂ ਕੋਈ ਬੰਦਾ ਵੀ ਭਰੋਸਾ ਨਹੀਂ ਕਰਦਾ ਅਜਿਹੇ ਬੰਦੇ ਤੇ ਰੱਬ ਕਿਵੇਂ ਭਰੋਸਾ ਕਰੇਗਾ।

ਇਕ ਵਾਰ ਲੋਕ ਨਗਰ ਦੇ ਬਾਹਰਵਾਰ ਇਕੱਠੇ ਹੋ ਰਹੇ ਸਨ ਉਨ੍ਹਾਂ ਅਰਦਾਸ ਕਰਨੀ ਸੀ। ਪ੍ਰਮਾਤਮਾ ਅੱਗੇ ਜੋਦੜੀ ਕਰਨੀ ਸੀ ਕਿ ਬਰਸਾਤ ਪਵੇ। ਇਕ ਮਹਾਂਪੁਰਖ ਜੋ ਬੜੇ ਭਜਨੀਕ ਸਨ ਉਹ ਇਸ ਇਕੱਠ ਦੇ ਆਗੂ ਸਨ। ਪਰ ਉਨ੍ਹਾਂ ਦਾ ਮਨ ਅਰਦਾਸ ਲਈ ਇਕਾਗਰ ਨਹੀਂ ਸੀ ਹੋ ਰਿਹਾ। ਮਨ ਵਿਚ ਥੋੜ੍ਹਾ ਸ਼ੱਕ ਸੀ ਕਿ ਪਤਾ ਨਹੀਂ ਬਰਸਾਤ ਆਵੇ ਕਿ ਨਾ ਆਵੇ। ਕਿਤੇ ਲੋਕਾਂ ਦੀ ਸ਼ਰਧਾ ਹੀ ਨਾ ਟੁੱਟ ਜਾਵੇ ਅਜਿਹੇ ਵਿਚਾਰ ਮਨ ਵਿਚ ਆ ਰਹੇ ਸਨ। ਪਰ ਅਚਾਨਕ ਹੀ ਇਕ ਬੱਚੇ ਨੂੰ ਵੇਖਿਆ ਕਿ ਉਹ ਛਤਰੀ ਪਕੜ ਕੇ ਆ ਰਿਹਾ ਹੈ। ਇਸ ਮਹਾਂਪੁਰਖ ਨੇ ਉਸ ਬੱਚੇ ਨੂੰ ਪੁੱਛਿਆ ਕਿ ਬੇਟਾ ਤੂੰ ਛਤਰੀ ਕਿਉਂ ਫੜੀ ਹੈ? ਉਹ ਕਹਿਣ ਲੱਗਾ ਕਿ ਤੁਸੀਂ ਅਰਦਾਸ ਕਰਨੀ ਹੈ ਤਾਂ ਬੱਦਲ ਆ ਜਾਣਾ ਹੈ ਮੈਂ ਬਰਸਾਤ ਵਿਚ ਛਤਰੀ ਆਪਣੇ ਉੱਪਰ ਕਰਾਂਗਾ ਇਸ ਲਈ ਛਤਰੀ ਫੜੀ ਹੈ।

ਉਸ ਮਹਾਂਪੁਰਖ ਦਾ ਮਨ ਇਕਾਗਰ ਹੋ ਗਿਆ ਅਤੇ ਉਸ ਨੇ ਸਾਥੀਆਂ ਨੂੰ ਕਿਹਾ ਕਿ ਆਓ ਅਰਦਾਸ ਕਰੀਏ ਬਰਸਾਤ ਆਏਗੀ ਪਰ ਸਾਡੇ ਕਾਰਨ ਨਹੀਂ। ਇਸ ਬੱਚੇ ਦੇ ਕਾਰਨ ਆਏਗੀ ਜੋ ਵਿਸ਼ਵਾਸ ਤੇ ਸ਼ਰਧਾ ਦੀ ਛਤਰੀ ਲੈ ਕੇ ਆਇਆ ਹੈ। ਇਸਨੂੰ ਸ਼ਰਧਾ ਹੈ ਕਿ ਅਰਦਾਸ ਨਾਲ ਬੱਦਲ ਜ਼ਰੂਰ ਆਏਗਾ। ਸਾਡਾ ਫਰਜ਼ ਹੈ ਅਸੀਂ ਪ੍ਰਮਾਤਮਾ ਤੇ ਸ਼ਰਧਾ ਰੱਖੀਏ ਉਹ ਸਾਨੂੰ ਅਜ਼ਮਾਏ। ਪਰ ਸਾਡਾ ਕੋਈ ਹੱਕ ਨਹੀਂ ਅਸੀਂ ਉਸ ਦੀ ਪ੍ਰੀਖਿਆ ਲਈਏ। ਸੌ ਸਾਖੀ ਵਿਚ ਇਕ ਸ਼ਰਧਾ ਵਾਲੀ ਬੀਬੀ ਦੀ ਸਾਖੀ ਆਉਂਦੀ ਹੈ ਕਿ ਉਹ ਸਤਿਗੁਰੂ ਕਲਗੀਧਰ ਦੇ ਦਰਸ਼ਨਾਂ ਲਈ ਆਉਂਦੀ ਸੀ ਤੇ ਅੱਗੇ ਸਿੰਘਾਂ ਦੀ ਭੀੜ ਵੇਖ ਕੇ ਵਾਪਸ ਪਰਤ ਜਾਂਦੀ ਸੀ। ਸਤਿਗੁਰਾਂ ਨੇ ਇਸ ਬੱਚੀ ਨੂੰ ਬੁਲਾ ਲਿਆ। ਪੁੱਛਿਆ ਬੇਟੀ ਤੂੰ ਆਉਂਦੀ ਹੈ ਤੇ ਫਿਰ ਵਾਪਸ ਕਿਉਂ ਪਰਤ ਜਾਂਦੀ ਹੈ। ਇਸ ਬੱਚੀ ਨੇ ਕਿਹਾ ਸਤਿਗੁਰੂ ਜੀ ਮੈਂ ਆਪ ਜੀ ਦੇ ਦਰਸ਼ਨਾਂ ਵਾਸਤੇ ਆਉਂਦੀ ਹਾਂ ਪਰ ਭੀੜ ਵੇਖਦੀ ਹਾਂ ਤੇ ਪਰਤ ਜਾਂਦੀ ਹਾਂ। ਮੈਂ ਸਮਝਦੀ ਹਾਂ ਕਿ ਅਜੇ ਮੇਰੇ ਭਾਗਾਂ ਵਿਚ ਸਤਿਗੁਰੂ ਦੇ ਦਰਸ਼ਨ ਨਹੀਂ। ਫਿਰ ਖਿਆਲ ਆਉਂਦਾ ਹੈ ਕਿ ਤਨ ਮਨ ਧਨ ਸਤਿਗੁਰੂ ਦਾ ਹੈ। ਤੇ ਜੋ ਲੰਗਰ ਵਿਚ ਸੇਵਾ ਹੋ ਰਹੀ ਹੈ ਉਹ ਸੇਵਾ ਵੀ ਸਤਿਗੁਰੂ ਦੇ ਦਰਸ਼ਨ ਹੀ ਹਨ। ਉਹ ਸੇਵਾ ਮੈਂ ਕਿਉਂ ਗਵਾਵਾਂ ਇਸ ਲਈ ਮੈਂ ਵਾਪਸ ਦੌੜ ਜਾਂਦੀ ਹਾਂ।

ਸਤਿਗੁਰਾਂ ਨੇ ਕਿਹਾ ਸੀ ਬੇਟੀ ਤੇਰੀ ਸ਼ਰਧਾ ਤੈਨੂੰ ਤਾਰੇਗੀ ਤੂੰ ਗੁਰਮਤਿ ਨੂੰ ਸਮਝਿਆ ਹੈ –

**ਇਕਿ ਸੇਵਕ ਗੁਰ ਪਾਸਿ,**
**ਇਕਿ ਗੁਰਿ ਕਾਰੈ ਲਾਈਆ।**
**ਜਿਨਾ ਗੁਰੁ ਪਿਆਰਾ ਮਨਿ ਚਿਤਿ,**
**ਤਿਨਾ ਭਾਉ ਗੁਰੂ ਦੇਵਾਈਆ।**
**(ਸੋਰਠਿ ਵਾਰ ਮ: ੪ ਪਉੜੀ ਨੰ. ੧੪ ਪੰਨਾ ੬੪੮)**

ਜਾ ਅੱਜ ਤੋਂ ਬਾਅਦ ਤੂੰ ਖੇਚਲ ਨਾ ਕਰੀਂ ਤੈਨੂੰ ਦਰਸ਼ਨ ਦੇਣ ਵਾਸਤੇ ਮੈਂ ਆਪ ਹੀ ਲੰਗਰ ਵਿਚ ਆਇਆ ਕਰਾਂਗਾ।

ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਕਰਤਾਰ ਤੇ ਸ਼ਰਧਾ ਰੱਖੀਏ। ਜੇ ਸ਼ੱਕ ਕਰਨਾ ਹੈ ਤਾਂ ਸੰਸਾਰ ਤੇ ਕਰਨਾ, ਇਹ ਬਦਲਣਹਾਰ ਹੈ। ਇਸ ਦਾ ਭਰੋਸਾ ਕੋਈ ਨਹੀਂ। ਸ਼ੱਕ ਆਪਣੇ ਮਨ ਤੇ ਕਰਨਾ, ਇਸ ਮਨ ਦਾ ਭਰੋਸਾ ਕੋਈ ਨਹੀਂ। ਜੋ ਪ੍ਰਮਾਤਮਾ ਸਾਦ ਹੀ ਸੱਚਾ ਹੈ, ਅਡੋਲ ਹੈ, ਅਭੁੱਲ ਹੈ, ਉਸਤੇ ਅਤੇ ਉਸਦੇ ਰੂਪ ਗੁਰੂ ਤੇ ਕਿਉਂ ਸ਼ੱਕ ਕਰੀਏ। ਗੁਰਮਤਿ ਦੀ ਪਹਿਲੀ ਪਉੜੀ ਵੀ ਸ਼ਰਧਾ ਹੈ ਅਤੇ ਅੰਤਮ ਪਉੜੀ ਵੀ ਸ਼ਰਧਾ ਹੀ ਹੈ।

ਸ਼ਰਧਾ ਰਾਹੀਂ ਹੀ ਅਸੀਂ ਸ਼ਰਧਾਲੂ ਬਣ ਸਕਦੇ ਹਾਂ ਤੇ ਸ਼ਰਧਾਲੂ ਹੀ ਉਸਦੇ ਦਰਬਾਰ ਤੱਕ ਪੁੱਜਦਾ ਹੈ। ਸ਼ੱਕੀ ਬੰਦੇ ਦਾ ਦਰਬਾਰ ਵਿਚ ਪ੍ਰਵੇਸ਼ ਨਹੀਂ। ਸ਼ੱਕੀ ਦੀ ਗ੍ਰਿਫਤਾਰੀ ਹੋ ਸਕਦੀ ਹੈ ਦਰਬਾਰ ਵਿਚ ਆਦਰ ਨਹੀਂ ਮਿਲ ਸਕਦਾ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ ਸਤਿਗੁਰੂ ਵਾਸਤੇ ਸ਼ਰਧਾ ਬਣ ਜਾਂਦੀ ਹੈ ਉਸਦੇ ਚਿਤ ਵਿਚ ਪ੍ਰਭੂ ਆ ਕੇ ਨਿਵਾਸ ਕਰ ਲੈਂਦੇ ਹਨ ਪ੍ਰਭੂ ਦਾ ਟਿਕਾਣਾ ਹੋ ਜਾਂਦਾ ਹੈ। ਜੀਵਨ ਦੇ ਸਾਰੇ ਹੀ ਮਸਲੇ ਹੱਲ ਹੋ ਜਾਂਦੇ ਹਨ ਜੇ ਹਿਰਦੇ ਵਿਚ ਪ੍ਰਭੂ ਆ ਕੇ ਟਿਕ ਜਾਣ।

ਸਾਨੂੰ ਪਤਾ ਹੈ ਕਿ ਜਿਥੇ ਰਾਜੇ ਦਾ ਮਹਲ ਹੋਵੇ ਉਥੇ ਆਸੇ–ਪਾਸੇ ਰਹਿਣ ਵਾਲਿਆਂ ਦਾ ਵੀ ਭਲਾ ਹੋ ਜਾਂਦਾ ਹੈ।

ਬਾਦਸ਼ਾਹ ਜਿਥੇ ਰਾਤ ਰਹਿ ਜਾਏ ਉਥੇ ਅਨੇਕਾਂ ਦੀ ਭੁੱਖ ਮੁੱਕ ਜਾਂਦੀ ਹੈ। ਪਰ ਜਿਥੇ ਪਾਤਸ਼ਾਹਾਂ ਦਾ ਪਾਤਸ਼ਾਹ ਆ ਟਿਕੇ ਉਥੇ ਕੀ ਥੋੜ੍ਹ ਰਹਿ ਸਕਦੀ ਹੈ ਘਾਟ ਪ੍ਰਮਾਤਮਾ ਵੱਲੋਂ ਨਹੀਂ ਘਾਟ ਸਾਡੇ ਮਨ ਵਿਚ ਹੈ ਉਹ ਇਹ ਹੈ ਕਿ ਸਾਡੇ ਮਨ ਵਿਚ ਸ਼ਰਧਾ ਨਹੀਂ। ਸ਼ਰਧਾ ਲਈ ਬਹੀਐ ਪੜਿਆ ਪਾਸ।


# ਧੰਨ ਧੰਨ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਰਸੀ

## ਗੁਰਦੁਆਰਾ ਗੋਲਡਨ ਐਵੀਨਿਊ
## ਮਕਸੂਦਾਂ ਜਲੰਧਰ ਵਿਖੇ
# 10 ਜੂਨ 2018 ਦਿਨ ਐਤਵਾਰ

**ਨੂੰ ਬੜੀ ਸ਼ਰਧਾਪੂਰਵਕ ਮਨਾਈ ਜਾਵੇਗੀ। ਆਪ ਸੰਗਤਾਂ ਨੂੰ ਬੇਨਤੀ ਹੈ ਕਿ ਹੁਮ ਹੁੰਮਾ ਕੇ ਪਹੁੰਚੋ।**

**ਕਸ਼ਮੀਰ ਸਿੰਘ ਮੁਲਤਾਨੀ** **ਕੈਪਟਨ ਕਾਬਲ ਸਿੰਘ**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਅਪ੍ਰੈਲ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਯੂਨੀਵਰਸਿਟੀ) ਵਿਚ ਓ.ਬੀ.ਸੀ. ਦੀ ਰਿਜ਼ਰਵੇਸ਼ਨ ਦੀ ਪਾਲਿਸੀ ਨੂੰ ਕਈ ਸਾਲਾਂ ਤੋਂ ਲਾਗੂ ਨਹੀਂ ਕੀਤਾ ਜਾ ਰਿਹਾ। ਇਸ ਬਾਰੇ ਪ੍ਰਧਾਨ ਮੰਤਰੀ ਅਤੇ ਹੋਰ ਸਬੰਧਤ ਮੰਤਰਾਲਿਆ ਨੂੰ ਅਰਧ ਅਧਿਕਾਰੀ ਪੱਤਰਾਂ ਰਾਹੀਂ ਬੇਨਤੀ ਕੀਤੀ ਗਈ ਸੀ। ਭਾਰਤ ਸਰਕਾਰ ਵੱਲੋਂ ਇਸ ਦਾ ਜਵਾਬ 13-03-2018 ਨੂੰ ਆਇਆ ਸੀ ਕਿ ਮਾਮਲਾ ਸਬੰਧਤ ਮੰਤਰਾਲਿਆ ਨੂੰ ਭੇਜ ਦਿੱਤਾ ਗਿਆ ਹੈ। ਜੋ ਵੀ ਫੈਸਲਾ ਹੋਇਆ ਆਪ ਜੀ ਨੂੰ ਦੱਸ ਦਿੱਤਾ ਜਾਵੇਗਾ। ਇਸ ਮਹੀਨੇ ਦੇ ਅੰਤ ਤੱਕ ਅਜੇ ਤੱਕ ਕੋਈ ਫੈਸਲਾ ਨਹੀਂ ਆਇਆ। ਚੰਡੀਗੜ੍ਹ ਵਿਚ ਸਥਿਤ 5 ਬਰਾਦਰੀਆਂ ਦੇ ਭਵਨਾਂ ਨੇ ਮਿਲ ਕੇ ਸਲਾਹ ਕੀਤੀ ਸੀ ਕਿ ਸਰਕਾਰ ਦਾ ਫੈਸਲਾ ਉਡੀਕਣ ਦੀ ਬਜਾਏ ਪਟੀਸ਼ਨ ਹਾਈਕੋਰਟ ਵਿਚ ਪਾ ਦਿੱਤੀ ਜਾਵੇ ਤਾਂ ਕਿ ਇਸ ਸਾਲ ਦੇ ਦਾਖਲੇ ਤੋਂ ਪਹਿਲਾਂ ਓ.ਬੀ.ਸੀ. ਰੀਜ਼ਰਵੇਸ਼ਨ ਦਾ ਫੈਸਲਾ ਹੋ ਜਾਵੇ ਅਤੇ 200 ਬੱਚਿਆਂ ਨੂੰ ਲਾਭ ਹੋ ਸਕੇ। ਇਸ ਬਾਰੇ ਗੁਜਰ ਭਵਨ ਵਿਚ ਸੈਣੀ ਭਵਨ, ਗੁਜਰ ਭਵਨ, ਲੁਬਾਣਾ ਭਵਨ, ਰਾਮਗੜ੍ਹੀਆ ਭਵਨ ਅਤੇ ਕੇਸ਼ਵ ਭਵਨ ਦੀ ਮੀਟਿੰਗ ਵਿਚ ਫੈਸਲਾ ਲਿਆ ਗਿਆ ਸੀ ਕਿ ਪਟੀਸ਼ਨ ਮਾਨਯੋਗ ਹਾਈਕੋਰਟ ਵਿਚ ਪਾ ਦਿੱਤੀ ਜਾਵੇ। ਇਹ ਪਟੀਸ਼ਨ 23-03-2018 ਨੂੰ ਦਾਖਲ ਕਰ ਦਿੱਤੀ ਗਈ ਸੀ। ਇਹ ਪਟੀਸ਼ਨ ਡਬਲ ਬੈਂਚ ਵਿਚ ਪਾਈ ਗਈ ਸੀ ਅਤੇ ਪਹਿਲੀ ਪੇਸ਼ੀ 26-03-2018 ਨੂੰ ਹੋ ਚੁੱਕੀ ਹੈ। ਸਰਕਾਰ ਇਸ ਦਾ ਜਵਾਬ ਨਹੀਂ ਦੇ ਸਕੀ ਅਤੇ ਅਗਲੀ ਸੁਣਵਾਈ 02-05-2018 ਪਾ ਦਿੱਤੀ ਗਈ ਹੈ। 02-05-2018 ਦੀ ਸੁਣਵਾਈ ਦਾ ਫੈਸਲਾ ਅਗਲੇ ਲੁਬਾਣਾ ਸੇਵਕ ਵਿਚ ਦੱਸ ਦਿੱਤਾ ਜਾਵੇਗਾ। ਜੇ ਇਹ ਫੈਸਲਾ ਹੱਕ ਵਿਚ ਆ ਜਾਂਦਾ ਹੈ ਤਾਂ 200 ਓ.ਬੀ.ਸੀ ਬੱਚਿਆਂ ਨੂੰ ਇਸ ਸਾਲ ਵਿਚ ਐਡਮਿਸ਼ਨ ਮਿਲ ਸਕਦੀ ਹੈ।

ਮਿਤੀ 27-04-2018 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ ਚੰਡੀਗੜ੍ਹ ਵਿਚ ਹਰ ਸਾਲ ਦੀ ਤਰ੍ਹਾਂ ਫਾਉਂਡੇਸ਼ਨ ਡੇ ਬੜੀ ਧੂਮ-ਧਾਮ ਨਾਲ ਮਨਾਇਆ। ਸੁਖਮਨੀ ਸਾਹਿਬ ਦੇ ਪਾਠ ਉਪਰੰਤ ਸੰਗਤਾਂ ਨੇ ਕੀਰਤਨ ਬੜੇ ਪਿਆਰ ਨਾਲ ਸੁਣਿਆ। ਅਰਦਾਸ ਤੋਂ ਬਾਅਦ ਸ. ਪਰਮਿੰਦਰਜੀਤ ਸਿੰਘ ਰੀਜ਼ਨਲ ਪ੍ਰਧਾਨ, ਸ. ਪ੍ਰੀਤਮ ਸਿੰਘ ਨਾਰੰਗਪੁਰ ਸਾਬਕਾ ਪ੍ਰਧਾਨ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ 43 ਵੇਂ ਫਾਉਂਡੇਸ਼ਨ ਡੇ ਦੀਆਂ ਸਭ ਨੂੰ ਮੁਬਾਰਕਾਂ ਦਿੱਤੀਆਂ ਅਤੇ ਭਵਨ ਦੇ ਪਛੋਕੜ ਬਾਰੇ ਦੱਸਿਆ। ਆਖੀਰ ਵਿੱਚ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦਗਾਰ ਬਣਾਉਣ ਵਾਸਤੇ 27-4-1995 ਦੀ ਜਨਰਲ ਬੋਡੀ ਦੀ ਪਹਿਲੀ ਮੀਟਿੰਗ ਜੋ ਕਰਨਲ ਪ੍ਰਤਾਪ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਬਾਰੇ ਦੱਸਿਆ ਅਤੇ ਉਸ ਵਿਚ ਕਿਹੜੇ ਮੈਂਬਰਾਂ ਨੇ ਹਿੱਸਾ ਲਿਆ ਸੀ ਉਹਨਾਂ ਬਾਰੇ ਵੀ ਜ਼ਿਕਰ ਕੀਤਾ। ਪ੍ਰਧਾਨ ਜੀ ਨੇ ਸੰਗਤਾਂ ਨੂੰ ਦੱਸਿਆ ਕੇ ਪਿਛਲੇ ਇਕ ਸਾਲ ਵਿਚ ਭਵਨ ਨੇ ਬਹੁਤ ਸਾਰੀਆਂ ਉਪਲਬਧੀਆਂ ਕੀਤੀਆਂ ਹਨ। ਜਿਸ ਤਰ੍ਹਾਂ **(1)"Best Bhawan-Non-Govt. Premises Maintained"** ਦਾ ਖਿਤਾਬ ਜਿਤਣਾਂ।। **(2) International Business Council New Delhi** ਨੇ "ਭਾਰਤ

ਜਨ ਕਲਿਆਣ ਸਭਾ ਅਵਾਰਡ" ਵਾਸਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30-ਏ ਚੰਡੀਗੜ੍ਹ ਨੂੰ ਕੀਤਾ ਹੈ। **Enlistment International Business Council All India** ਦੀ ਸੰਸਥਾ ਹੈ ਜੋ ਹਰ ਸਾਲ "ਭਾਰਤ ਜਨ ਕਲਿਆਣ ਸਦਭਾਵਨਾਂ ਅਵਾਰਡ" ਅਤੇ **Certificate of Excellence** ਦਾ ਅਵਾਰਡ ਪ੍ਰਦਾਨ ਕਰਦੀ ਹੈ। **(3) PEC** ਵਿਚ **OBC Reservation** ਬਾਰੇ ਉਪਰਾਲੇ (4) ਐਸ.ਜੀ.ਪੀ.ਸੀ. ਸਿੱਖਾਂ ਦੇ ਧਾਰਮਿਕ ਅਸਥਾਨਾਂ ਨਾਲ ਤਾਲ-ਮੇਲ ਜਿਸ ਤਰ੍ਹਾਂ ... ਸ਼੍ਰੀ ਅੰਮ੍ਰਿਤਸਰ ਸਾਹਿਬ, ਸ਼੍ਰੀ ਹਜ਼ੂਰ ਸਾਹਿਬ, ਸ਼੍ਰੀ ਅਨੰਦਪੁਰ ਸਾਹਿਬ ਅਤੇ ਸਿੱਖ ਫੁਲਵਾੜੀ ਆਦਿ ਮਾਸਿਕ ਮੈਗਜ਼ੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਵਿੱਚ ਆਉਣੇ ਸ਼ੁਰੂ ਹੋ ਗਏ ਹਨ।



ਪ੍ਰਧਾਨ ਜੀ ਨੇ ਦੱਸਿਆ ਕਿ ਨਰਾਇਣਗੜ੍ਹ ਵਿਖੇ ਸ. ਗੁਰਪਾਲ ਸਿੰਘ ਦੀ ਅਗਵਾਹੀ ਵਿਚ 'ਗੁਰੂ ਲਾਧੋ ਰੇ' ਭਵਨ ਬਣਾਇਆ ਜਾ ਰਿਹਾ ਹੈ ਜਿਸ ਵਾਸਤੇ 9 ਕਨਾਲ ਜ਼ਮੀਨ ਖ਼ਰੀਦੀ ਲਈ ਗਈ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਵੀ ਇਸ ਵਿਚ ਵੱਧ-ਚੜ੍ਹ ਕੇ ਹਿੱਸਾ ਪਾਵੇਗੀ। ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸਮਾਜ ਸੁਧਾਰ ਬਾਰੇ ਵੀ ਉਪਰਾਲੇ ਕਰ ਰਹੀ



ਹੈ। ਰੀਜ਼ਨਲ ਪ੍ਰਧਾਨ ਸ. ਰਣਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਮਹੀਨੇ ਪਹੇਵਾ ਵਿੱਚ 4 ਵਿਆਹ ਦਾਜ ਰਹਿਤ ਹੋਏ ਹਨ ਪ੍ਰਧਾਨ ਜੀ ਨੇ ਇਸ ਦੀ ਸ਼ਲਾਘਾ ਕੀਤੀ ਅਤੇ ਸ. ਰਣਜੀਤ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਚਾਰੇ ਵਿਆਹਾਂ ਦਾ ਵੇਰਵਾ ਦੱਸਣ ਤਾਂ ਕਿ ਇਨ੍ਹਾਂ ਚਾਰੇ ਪਰਿਵਾਰਾਂ ਨੂੰ ਅਸੀਂ ਸਨਮਾਨਿਤ ਕਰੀਏ ਤਾਂ ਕਿ ਦੂਸਰਿਆਂ ਵਾਸਤੇ ਇਕ ਮਸਾਲ ਬਣ ਸਕੇ।

ਆਖੀਰ ਵਿਚ ਪ੍ਰਧਾਨ ਜੀ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਮੇਜਰ ਮਿਹਰ ਸਿੰਘ, ਸ. ਪ੍ਰੀਤਮ ਸਿੰਘ ਨਾਰੰਗਪੁਰ ਅਤੇ ਪ੍ਰਧਾਨ ਜੀ ਵੱਲੋਂ ਹਰਿਆਣਾ, ਪੰਜਾਬ ਅਤੇ ਜੰਮੂ ਵੱਲੋਂ ਆਈਆਂ ਸ਼ਖ਼ਸ਼ੀਅਤਾਂ ਦਾ ਸਰੋਪੇ ਪਾ ਕੇ ਸਨਮਾਨ ਕੀਤਾ।



**ਮੈਡੀਕਲ ਵਿੰਗ ਬਾਰੇ :-**

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿੰਗ ਵਿਚ ਚੈੱਕਅਪ ਚੱਲ ਰਹੇ ਹਨ। ਅਪ੍ਰੈਲ ਮਹੀਨੇ ਦੇ ਚੈੱਕਅਪ ਅਤੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

| | | | |
|---|---|---|---|
| 1. | ਮੈਡੀਕਲ ਓ.ਪੀ.ਡੀ | - | 195 |
| 2. | ਮੈਡੀਕਲ ਲੈਬ | - | 76 |
| 3. | ਡੈਂਟਲ ਕਲੀਨਿਕ | - | 37 |

**ਮੈਡੀਕਲ ਕੈਂਪ ਬਾਰੇ:-**

ਅਪ੍ਰੈਲ ਦੇ ਮਹੀਨੇ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ 7 (ਸੱਤ) ਕੈਂਪ ਲਗਾਏ ਗਏ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

| ਲੜੀ ਨੰ. | ਮਿਤੀ ਅਤੇ ਸਥਾਨ | ਮਰੀਜ਼ |
|---|---|---|
| 1. | 01-04-2018- ਅਰਬਨ ਐਸਟੇਟ ਫੇਸ-1, ਜਲੰਧਰ | 82 |
| 2. | 07-04-2018- ਗੁਰਦੁਆਰਾ ਸਾਹਿਬ ਅਰਬਨ ਐਸਟੇਟ ਫੇਸ-1, ਜਲੰਧਰ | 83 |
| 3. | 08-04-2018- ਲੰਮਾਂ ਪਿੰਡ ਚੌਂਕ, ਜਲੰਧਰ | 50 |
| 4. | 14-04-2018- ਗੁਰਦੁਆਰਾ ਸਾਹਿਬ 66 ਫੁੱਟ ਰੋਡ ਜਲੰਧਰ | 22 |
| 5. | 16-14-2018- ਭੁਲੱਥ, ਜ਼ਿਲ੍ਹਾ ਕਪੂਰਥਲਾ | 43 |
| 6. | 21-04-2018- ਢਿੱਲਵਾਂ ਰੋਡ ਨਡਾਲਾ | 51 |
| 7. | 28-04-2018- ਗੁਰਦੁਆਰਾ ਸਾਹਿਬ ਜਲੰਧਰ | 57 |

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ**

## ਗੁਰਮੁਖੀ ਲਿਪੀ, ਧਾਰਮਿਕ ਗਿਆਨ, ਸਿਹਤ ਉਸਾਰੀ, ਸੇਵਾ ਤੇ ਨਿਮਰਤਾ ਦੇ ਪੁੰਜ

# ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ



ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਦੂਸਰੇ ਗੁਰੂ ਹਨ। ਉਨ੍ਹਾਂ ਦਾ ਪ੍ਰਕਾਸ਼ 31 ਮਾਰਚ, 1504 ਈ: (3 ਵੈਸਾਖ ਨਾਨਕਸ਼ਾਹੀ ਸੰਮਤ 550) ਵਿਚ ਪਿੰਡ ਮੱਤੇ ਦੀ ਸਰਾਂ, ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ ਸੀ। ਉਨ੍ਹਾਂ ਦਾ ਮੁੱਢਲਾ ਨਾਂਅ ਲਹਿਣਾ ਸੀ। ਇਨ੍ਹਾਂ ਦੇ ਪਿਤਾ ਦਾ ਨਾਂਅ ਫੇਰੂਮੱਲ ਅਤੇ ਮਾਤਾ ਦਾ ਨਾਂਅ ਦਯਾ ਕੌਰ ਸੀ। ਲੋਧੀ ਸੂਬੇਦਾਰਾਂ ਦੀਆਂ ਬਗਾਵਤਾਂ ਅਤੇ ਬਾਬਰ ਦੇ ਹਮਲਿਆਂ ਦੀ ਬਦਅਮਨੀ ਤੇ ਲੁੱਟਮਾਰ ਵਜੋਂ ਪਿੰਡ ਮੱਤੇ ਦੀ ਸਰਾਂ ਉੱਜੜ ਗਿਆ। ਗਰੀਬੀ ਕਾਰਨ ਫੇਰੂਮੱਲ ਆਪਣਾ ਜੱਦੀ ਪਿੰਡ ਛੱਡ ਕੇ ਪਿੰਡ ਹਰੀਕੇ ਤੇ ਫਿਰ ਖਡੂਰ ਸਾਹਿਬ ਆ ਵਸੇ ਤੇ ਇੱਥੇ ਸ਼ਾਹੀ ਵਣਜ ਕਰਨ ਲੱਗ ਪਏ। ਆਪ ਛੇਤੀ ਹੀ ਵੱਡੇ ਸ਼ਾਹੂਕਾਰ ਬਣ ਗਏ।

ਫੇਰੂਮੱਲ ਦੇਵੀ-ਭਗਤ ਸਨ ਅਤੇ ਹਰ ਸਾਲ ਦੇਵੀ ਦੇ ਦਰਸ਼ਨਾਂ ਲਈ ਯਾਤਰਾ ਕਰਦੇ ਸਨ। ਪਿਤਾ ਦੀਆਂ ਧਾਰਮਿਕ ਰੁਚੀਆਂ ਦਾ ਲਹਿਣਾ ਜੀ ’ਤੇ ਬੜਾ ਪ੍ਰਭਾਵ ਸੀ। ਬਚਪਨ ਤੋਂ ਹੀ ਉਹ ਦੇਵੀ ਦੇ ਭਗਤ ਬਣੇ ਅਤੇ ਸੰਗ ਦੇ ਮੁਖੀਆ ਬਣ ਕੇ ਹਰ ਸਾਲ ਦੇਵੀ ਦੇ ਦਰਸ਼ਨ ਲਈ ਜਾਂਦੇ। ਲਹਿਣਾ ਨੂੰ ਪਰਮ ਸੱਤਾ ਦੀ ਤਲਾਸ਼ ਦੀ ਤੀਬਰ ਇੱਛਾ ਸੀ। ਇਸੇ ਲਈ ਉਹ ਗਿਆਨ ਦੀ ਪ੍ਰਾਪਤੀ ਲਈ ਭਗਤਾਂ ਤੇ ਸੰਤਾਂ ਦੀ ਸੰਗਤ ਦੀ ਭਾਲ ਵਿਚ ਰਹਿੰਦੇ ਸਨ। 15 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਸ਼ਾਦੀ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਨਾਲ ਪਿੰਡ ਸੰਘਰ ਵਿਖੇ ਹੋਈ। ਉਨ੍ਹਾਂ ਦੇ ਘਰ ਬਾਬਾ ਦਾਤੂ ਜੀ, ਬਾਬਾ ਦਾਸੂ ਜੀ, ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ ਨੇ ਜਨਮ ਲਿਆ।

ਪਿਤਾ ਦੇ ਅਕਾਲ ਚਲਾਣੇ (1526 ਈ:) ਉਪਰੰਤ ਲਹਿਣਾ ਨੂੰ ਕਾਰੋਬਾਰ ਦਾ ਸਾਰਾ ਕੰਮ ਸੰਭਾਲਣਾ ਪਿਆ ਅਤੇ ਉਹ ਇਸ ਕੰਮ ਵਿਚ ਕਾਮਯਾਬ ਰਹੇ। ਸਾਲ 1532 ਵਿਚ ਇਕ ਦਿਨ ਲਹਿਣਾ ਨੇ ਗੁਰੂ ਨਾਨਕ ਦੇਵ ਜੀ ਦੇ ਇਕ ਸਿੱਖ ਭਾਈ ਯੋਧ ਕੋਲੋਂ ਗੁਰੂ ਨਾਨਕ ਬਾਣੀ ਦਾ ਇਹ ਸ਼ਬਦ ਸੁਣਿਆ :

**ਭਿੰਨੀ ਰੈਨੜੀਐ ਚਾਮਕਨਿ ਤਾਰੇ।**

**ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥(ਅੰਗ 459)**

ਇਸ ਸ਼ਬਦ ਦਾ ਲਹਿਣਾ ਦੇ ਮਨ ’ਤੇ ਬੜਾ ਪ੍ਰਭਾਵ ਪਿਆ ਅਤੇ ਉਨ੍ਹਾਂ ਦੇ ਦਿਲ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦੀ ਤਾਂਘ ਪੈਦਾ ਹੋਈ। ਹਰ ਸਾਲ ਵਾਂਗ ਜਦੋਂ ਉਹ 1532 ਈ: ਵਿਚ ਦੇਵੀ ਦਰਸ਼ਨਾਂ ਲਈ ਯਾਤਰਾ ’ਤੇ ਗਏ ਤਾਂ ਉਹ ਆਪਣੇ ਜਥੇ ਸਮੇਤ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਪਹੁੰਚੇ। ਗੁਰੂ ਜੀ ਦੇ ਦਰਸ਼ਨਾਂ ਨਾਲ ਲਹਿਣਾ ਦੀ ਆਤਮਾ ਤ੍ਰਿਪਤ ਹੋ ਗਈ ਅਤੇ ਉਹ ਉਥੇ ਹੀ ਰਹਿ ਪਏ। ਇਸ ਵੇਲੇ ਉਨ੍ਹਾਂ ਦੀ ਉਮਰ 28 ਸਾਲਾਂ ਦੀ ਸੀ ਤੇ ਉਹ ਇਕ ਅਮੀਰ ਵਪਾਰੀ ਸਨ। ਪਰ ਉਨ੍ਹਾਂ ਦੇ ਵਿਵਹਾਰ ਵਿਚ ਬੜੀ ਨਿਮਰਤਾ ਤੇ ਮਿੱਠਤ ਸੀ। ਗੁਰੂ ਨਾਨਕ ਦੇਵ ਜੀ ਲਹਿਣਾ ਦੀ ਸ਼ਖਸੀਅਤ ਤੋਂ ਬੜੇ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੂੰ ਗਿਆਨ ਦੀ ਬਖਸ਼ਿਸ਼ ਕੀਤੀ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਲਹਿਣਾ ਜੀ ’ਤੇ ਡੂੰਘਾ ਪ੍ਰਭਾਵ ਪਿਆ ਤੇ ਉਨ੍ਹਾਂ ਨੇ ਦੇਵੀ ਪੂਜਾ ਛੱਡ ਦਿੱਤੀ ਅਤੇ ਗੁਰੂ ਜੀ ਦੇ ਅਨੁਯਾਈ ਬਣ ਗਏ ਅਤੇ ਉਹ ਕਰਤਾਰਪੁਰ ਹੀ ਟਿਕ ਗਏ। ਬੜੀ ਸ਼ਰਧਾ ਨਾਲ ਉਹ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਸੁਣਦੇ ਅਤੇ ਉਨ੍ਹਾਂ ਦੀ ਬਾਣੀ ਨਾਲ ਆਪਣੇ ਹਿਰਦੇ ਦੇ ਸੰਦੇਹ ਦੂਰ ਕਰਦੇ। ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਦੀ ਪ੍ਰਭੂ-ਭਗਤੀ ਅਤੇ ਲਗਨ ਤੋਂ ਬਹੁਤ ਪ੍ਰਸੰਨ ਹੋਏ। ਪਰ ਉਨ੍ਹਾਂ ਨੇ ਭਾਈ ਲਹਿਣਾ ਨੂੰ ਆਪਣੇ ਕਾਰੋਬਾਰ ਦੀ ਦੇਖ-ਭਾਲ ਕਰਨ ਲਈ ਖਡੂਰ ਸਾਹਿਬ ਵਾਪਿਸ ਜਾਣ ਲਈ ਪ੍ਰੇਰਿਆ।

ਖਡੂਰ ਸਾਹਿਬ ਵਾਪਸ ਆ ਕੇ ਭਾਈ ਲਹਿਣਾ ਦਾ ਚਿੱਤ ਨਾ ਲੱਗਾ ਤੇ ਉਹ ਫਿਰ ਕਰਤਾਰਪੁਰ ਜਾ ਪਹੁੰਚੇ। ਡੇਰੇ ’ਤੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਖੇਤਾਂ ਵਿਚ ਗਏ ਹੋਏ ਹਨ। ਇਹ ਸੁਣ ਕੇ ਲਹਿਣਾ ਜੀ ਵੀ ਖੇਤਾਂ ਵੱਲ ਤੁਰ ਪਏ। ਅੱਗੇ ਜਾ ਕੇ ਵੇਖਦੇ ਹਨ ਕਿ ਗੁਰੂ ਸਾਹਿਬ ਆਪਣੇ ਸੇਵਕਾਂ ਸਮੇਤ ਫ਼ਸਲ ਵਿਚੋਂ ਘਾਹ-ਫੂਸ ਕੱਢ ਰਹੇ ਹਨ।

ਲਹਿਣਾ ਜੀ ਗੁਰੂ ਜੀ ਨੂੰ ਮੱਥਾ ਟੇਕ ਕੇ ਆਪ ਵੀ ਕੰਮ ਵਿਚ ਰੁੱਝ ਗਏ। ਗੁਰੂ ਜੀ ਦੇ ਦਰਸ਼ਨ-ਦੀਦਾਰ ਨਾਲ ਹੀ ਲਹਿਣਾ ਜੀ ਦੀ ਸਿੱਖੀ ਸੇਵਕੀ ਦਾ ਇਮਤਿਹਾਨ ਸ਼ੁਰੂ ਹੋ ਗਿਆ। ਗੁਰੂ ਜੀ ਦੇ ਵਾਪਸ ਡੇਰੇ ਦੀ ਤਿਆਰੀ ਸਮੇਂ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਲਹਿਣਾ ਜੀ ਨੇ ਚਿੱਕੜ ਨਾਲ ਭਿੱਜੀ ਹੋਈ ਘਾਹ-ਫੂਸ ਦੀ ਪੰਡ ਬੰਨ੍ਹ ਲਈ ਅਤੇ ਸਿਰ ਉੱਤੇ

ਚੁੱਕ ਕੇ ਗੁਰੂ ਸਾਹਿਬ ਦੇ ਮਗਰ ਤੁਰ ਪਏ। ਘਾਹ ਦੀ ਪੰਡ ਵਿਚੋਂ ਚਿੱਕੜ ਦਾ ਪਾਣੀ ਲਹਿਣਾ ਜੀ ਦੀ ਰੇਸ਼ਮੀ ਪੁਸ਼ਾਕ ਉੱਤੇ ਡਿਗ ਰਿਹਾ ਸੀ। ਜਦੋਂ ਡੇਰੇ ਪਹੁੰਚੇ ਤਾਂ ਮਾਤਾ ਸੁਲੱਖਣੀ ਜੀ ਨੇ ਗੁਰੂ ਜੀ ਨੂੰ ਕਿਹਾ, 'ਭਾਈ ਲਹਿਣਾ ਦੂਰੋਂ ਸਫਰ ਕਰ ਕੇ ਆਏ ਸਨ। ਤੁਸੀਂ ਆਉਂਦੇ ਹੀ ਇਨ੍ਹਾਂ ਨੂੰ ਵਗਾਰ ਪਾ ਦਿੱਤੀ। ਵੇਖੋ, ਚਿੱਕੜ ਨਾਲ ਇਨ੍ਹਾਂ ਦੇ ਕੀਮਤੀ ਕੱਪੜੇ ਕਿਵੇਂ ਲਿੱਬੜੇ ਪਏ ਹਨ।' ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਵੱਲ ਵੇਖ ਕੇ ਹੱਸ ਪਏ ਅਤੇ ਫੁਰਮਾਨ ਕੀਤਾ 'ਸੁਲੱਖਣੀ! ਇਨ੍ਹਾਂ ਦੇ ਸਿਰ 'ਤੇ ਘਾਹ ਦੀ ਪੰਡ ਨਹੀਂ, ਇਹ ਤਾਂ ਦੁਨੀਆ ਦੇ ਦੁੱਖਾਂ ਦੀ ਪੰਡ ਏ। ਇਹ ਚਿੱਕੜ ਦੀਆਂ ਛਿੱਟਾਂ ਨਹੀਂ ਇਹ ਤਾਂ ਕੇਸਰ ਦੇ ਛਿੱਟੇ ਨੇ। ਪਰਮਾਤਮਾ ਨੇ ਆਪ ਇਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੰਭਾਲਣ ਲਈ ਚੁਣਿਆ ਹੈ।' ਭਾਈ ਲਹਿਣਾ ਜੀ ਨੇ ਇਸ ਹੁਕਮ ਨੂੰ ਪ੍ਰਵਾਨ ਕੀਤਾ ਅਤੇ ਬੜੀ ਸ਼ਰਧਾ ਨਾਲ ਗੁਰੂ ਜੀ ਦੇ ਡੇਰੇ 'ਤੇ ਸੇਵਾ ਕਰਨ ਲੱਗ ਪਏ।

ਹੁਣ ਲਹਿਣਾ ਦੀ ਨਿਮਰਤਾ ਅਤੇ ਸੇਵਾ ਭਾਵਨਾ ਦੀ ਕਠਿਨ ਪ੍ਰੀਖਿਆ ਸ਼ੁਰੂ ਹੋ ਗਈ। ਪਰ ਉਹ ਗੁਰ-ਸਿੱਖੀ ਦੀ ਕਸਵੱਟੀ 'ਤੇ ਸਾਰੀਆਂ ਪ੍ਰੀਖਿਆਵਾਂ ਵਿਚੋਂ ਪੂਰੇ ਉਤਰੇ।

ਗੁਰੂ ਨਾਨਕ ਦੇਵ ਜੀ ਆਪਣੇ ਸਥਾਪਿਤ ਕੀਤੇ ਧਰਮ ਤੇ ਸਮਾਜਿਕ-ਸੰਗਠਨ ਦੀ ਅਗਵਾਈ ਲਈ ਕਿਸੇ ਯੋਗ ਗੁਰਸਿੱਖ ਵਿਅਕਤੀ ਦੀ ਭਾਲ ਵਿਚ ਸਨ। ਭਾਈ ਲਹਿਣਾ ਦੀ ਗੁਰੂ ਚਰਨਾਂ ਨਾਲ ਪ੍ਰੀਤ, ਸਿਦਕ ਅਤੇ ਹੁਕਮ ਮੰਨਣ ਦੀ ਘਾਲ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਹੀ ਗੁਰ-ਗੱਦੀ ਦੇ ਯੋਗ ਹਨ।

1539 ਈ: ਵਿਚ ਭਾਈ ਲਹਿਣਾ ਜੀ ਨੂੰ ਗੁਰਿਆਈ ਮਿਲੀ। ਉਨ੍ਹਾਂ ਅੱਗੇ 5 ਪੈਸੇ ਤੇ ਨਾਰੀਅਲ ਰੱਖ ਕੇ (ਗੁਰੂ) ਨਾਨਕ ਦੇਵ ਜੀ ਨੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾ ਕੇ ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਬਣਾ ਕੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੀ ਅਗਵਾਈ ਬੜੇ ਉੱਤਮ ਤਰੀਕੇ ਨਾਲ ਕੀਤੀ। ਉਨ੍ਹਾਂ ਦੇ ਆਦੇਸ਼ ਅਨੁਸਾਰ ਸਿੱਖ ਸੰਗਤ ਨੇਮ ਪੂਰਵਕ ਇਕੱਤਰ ਹੁੰਦੀ ਅਤੇ ਉਥੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੀ ਵਿਆਖਿਆ ਹੁੰਦੀ। ਉਨ੍ਹਾਂ ਨੇ ਲੰਗਰ ਦੀ ਪ੍ਰਥਾ ਨੂੰ ਹੋਰ ਵਧੇਰੇ ਵਿਕਸਤ ਕੀਤਾ, ਜਿਸ ਦੀ ਦੇਖ-ਭਾਲ ਦਾ ਕੰਮ ਮਾਤਾ ਖੀਵੀ ਜੀ ਕਰਦੇ। ਗੁਰੂ ਅੰਗਦ ਦੇਵ ਜੀ ਦੀ ਨਿਸ਼ਕਾਮ ਸੇਵਾ ਵਜੋਂ ਮਾਝੇ ਵਿਚ ਸਿੱਖੀ ਦਾ ਪ੍ਰਚਾਰ ਕਾਫੀ ਫੈਲਿਆ।

ਸਿੱਖ ਸੰਗਤਾਂ ਦੇ ਪ੍ਰਭਾਵ ਅਤੇ ਲੰਗਰ ਤੇ ਪੰਗਤ ਦੀ ਸੰਸਥਾ ਹਿੰਦੂ ਧਰਮ ਦੀ ਵਰਨ-ਵੰਡ ਤੇ ਜਾਤ-ਪਾਤ ਦੇ ਸਮਾਜਿਕ ਵਿਤਕਰੇ ਦੂਰ ਹੋਣ ਲੱਗੇ। ਗੁਰੂ ਸਾਹਿਬ ਨੇ ਸਮਾਨਤਾ ਤੇ ਮਾਨਵੀ ਏਕਤਾ ਦੇ ਉਪਦੇਸ਼ਾਂ ਰਾਹੀਂ ਅਛੂਤਾਂ ਤੇ ਗਰੀਬਾਂ ਨੂੰ ਸਵੈ-ਮਾਣ ਦਾ ਅਹਿਸਾਸ ਕਰਾਇਆ।

ਗੁਰੂ ਅੰਗਦ ਦੇਵ ਜੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 63 ਸਲੋਕ ਹਨ। ਆਪ ਜੀ ਦੀ ਬਾਣੀ ਵਿਚ ਜੀਵਨ ਦਾ ਜਿਹੜਾ ਫਲਸਫਾ ਉਘੜਦਾ ਹੈ, ਉਸ ਦਾ ਬੁਨਿਆਦੀ ਆਧਾਰ ਨਿਮਰਤਾ, ਸੇਵਾ ਤੇ ਨਾਮ ਜਪਣਾ ਹੈ। ਉਨ੍ਹਾਂ ਦਾ ਉਪਦੇਸ਼ ਹੈ ਮਾਇਆ ਦੀ ਤ੍ਰਿਸ਼ਨਾ ਦੇ ਪ੍ਰਭਾਵ ਹੇਠ, ਮਨੁੱਖ ਸੁਆਰਥੀ ਹੋ ਜਾਂਦਾ ਹੈ ਤੇ ਤੰਗ-ਦਿਲੀ ਦਾ ਸ਼ਿਕਾਰ ਹੋ ਜਾਂਦਾ ਹੈ।

ਸਿੱਖ ਲਹਿਰ ਦੀ ਉਨਤੀ ਵਿਚ ਗੁਰੂ ਅੰਗਦ ਦੇਵ ਜੀ ਨੇ ਬੜਾ ਅਹਿਮ ਹਿੱਸਾ ਪਾਇਆ। ਆਪਣੀ ਯੋਗ ਅਗਵਾਈ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਆਦਰਸ਼ਾਂ ਨੂੰ ਨਿਸਚਤ ਤੇ ਸੰਗਠਿਤ ਰੂਪ ਪ੍ਰਦਾਨ ਕੀਤਾ। ਗੁਰੂ ਨਾਨਕ ਸਾਹਿਬ ਦੀ ਬਾਣੀ ਇਕੱਠੀ ਕੀਤੀ। ਇਸ ਤਰ੍ਹਾਂ ਸਿੱਖਾਂ ਦੀ ਧਾਰਮਿਕ ਪੁਸਤਕ ਗੁਰੂ ਗ੍ਰੰਥ ਸਾਹਿਬ ਦਾ ਕਾਰਜ ਆਰੰਭ ਹੋ ਗਿਆ ਅਤੇ ਇਸ ਵਿਚ ਯਕੀਨ ਰੱਖਣ ਵਾਲੇ ਪੈਰੋਕਾਰਾਂ ਨੂੰ ਠੀਕ ਸੇਧ ਮਿਲ ਗਈ।

ਗੁਰੂ ਸਾਹਿਬ ਨੇ ਵਿੱਦਿਆ ਦੀ ਸਿਖਲਾਈ ਵੱਲ ਵੀ ਧਿਆਨ ਦਿੱਤਾ। ਗੁਰਮੁਖੀ ਅੱਖਰਾਂ ਦੀ ਲਿੱਪੀ ਵਿਚ ਸਿੱਖਿਆ ਦੀ ਸ਼ੁਰੂਆਤ ਕੀਤੀ ਤਾਂ ਜੋ ਆਸਾਨੀ ਨਾਲ ਆਮ ਲੋਕ ਬਾਣੀ ਦਾ ਪਾਠ ਕਰ ਸਕਣ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵੀ ਲਿਖਵਾਈ। ਗੁਰੂ ਅੰਗਦ ਦੇਵ ਜੀ ਨੇ ਬੱਚਿਆਂ ਦੀ ਸਿਖਲਾਈ ਲਈ ਇਕ ਨਿਵੇਕਲਾ ਰਵਈਆ ਪੇਸ਼ ਕੀਤਾ। ਜਿੱਥੇ ਉਹ ਮਨ ਦੇ ਸਵਾਸਥ ਲਈ ਬਾਣੀ ਦਾ ਜਾਪ ਅਤੇ ਉਸ 'ਤੇ ਅਮਲ ਕਰਨਾ ਜ਼ਰੂਰੀ ਸਮਝਦੇ ਸਨ, ਉੱਥੇ ਸਰੀਰ ਨੂੰ ਤੰਦਰੁਸਤ ਰੱਖਣ 'ਤੇ ਵੀ ਜ਼ੋਰ ਦਿੰਦੇ ਸਨ। ਗੁਰੂ ਸਾਹਿਬ ਨੇ ਬਾਲਕਾਂ ਦੀ ਤੰਦਰੁਸਤੀ ਲਈ ਖੇਡਾਂ ਅਤੇ ਜਵਾਨਾਂ ਲਈ ਕਸਰਤ ਤੇ ਭਲਵਾਨੀ ਲਈ ਅਖਾੜੇ ਬਣਵਾਏ ਜਿਥੇ ਉਹ ਘੋਲ ਕਰਵਾਉਂਦੇ ਸਨ। ਉਸ ਸਥਾਨ ਨੂੰ ਮੱਲ ਅਖਾੜਾ ਕਿਹਾ ਜਾਣਾ ਸ਼ੁਰੂ ਹੋ ਗਿਆ। ਇਸ ਤਰ੍ਹਾਂ ਸਿੱਖ ਸੰਸਥਾ ਵਿਚ ਧਾਰਮਿਕ ਗਿਆਨ ਦੇ ਨਾਲ-ਨਾਲ ਸਿਹਤ ਉਸਾਰੀ ਨੂੰ ਯੋਗ ਸਥਾਨ ਦਿੱਤਾ ਗਿਆ।

ਗੁਰੂ ਅੰਗਦ ਦੇਵ ਜੀ ਦੇ ਯਤਨਾਂ ਦੁਆਰਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕਾਫੀ ਫੈਲ ਗਿਆ। ਖਡੂਰ ਸਾਹਿਬ ਦੇ ਇਕ ਭੇਖੀ ਸ਼ਿਵਨਾਥ (ਜਿਸ ਨੂੰ ਤਪਾ ਆਖਦੇ ਸਨ) ਨੇ ਲੋਕਾਂ ਵਿਚ ਕਈ ਵਹਿਮ-ਭਰਮ ਫੈਲਾਅ ਰੱਖੇ ਸਨ। ਗੁਰੂ ਸਾਹਿਬ ਦੇ ਉਪਦੇਸ਼ਾਂ ਦੁਆਰਾ ਲੋਕਾਂ ਨੇ ਵਹਿਮ-ਭਰਮ ਤੇ ਅੰਧ-ਵਿਸ਼ਵਾਸ ਤਿਆਗਣੇ ਸ਼ੁਰੂ ਕਰ ਦਿੱਤੇ ਅਤੇ ਤਪੇ ਦੀ ਮਾਨਤਾ ਘਟ ਗਈ।

ਸਾਲ 1540 ਈ. ਵਿਚ ਭਾਈ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਏ ਅਤੇ ਗੁਰੂ ਸਾਹਿਬ ਦੀ ਸੇਵਾ ਵਿਚ ਜੁਟ ਗਏ। ਗੁਰੂ ਅੰਗਦ ਦੇਵ ਜੀ ਨੇ ਸਿੱਖ-ਧਰਮ ਦੇ ਪ੍ਰਚਾਰ ਲਈ ਇਕ ਨਗਰ ਵਸਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ। ਇਸੇ ਹੁਕਮ ਅਧੀਨ ਸਾਲ 1546 ਈ. ਵਿਚ ਗੋਇੰਦਵਾਲ ਨਗਰ ਵਸਾਇਆ ਗਿਆ।

ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਤੇਰ੍ਹਾਂ ਵਰ੍ਹਿਆਂ ਤੱਕ ਨਿਭਾਈ। ਉਨ੍ਹਾਂ ਨੇ ਆਪਣਾ ਉਤਰਾਧਿਕਾਰੀ ਚੁਣਨ ਤੋਂ ਪਹਿਲਾਂ ਆਪਣੇ ਪੁੱਤਰਾਂ ਤੇ ਸਿੱਖਾਂ ਦੀ ਕਰੜੀ ਪ੍ਰੀਖਿਆ ਉਪਰੰਤ ਆਪਣੇ ਅਨਿਨ ਸੇਵਕ ਭਾਈ ਅਮਰਦਾਸ ਨੂੰ ਗੁਰਿਆਈ ਬਖਸ਼ੀ। ਗੁਰੂ ਅੰਗਦ ਦੇਵ ਜੀ 48 ਵਰ੍ਹਿਆਂ ਦੀ ਉਮਰ ਭੋਗ ਕੇ 29 ਮਾਰਚ, 1552 ਈ: ਵਿਚ ਜੋਤੀ ਜੋਤ ਸਮਾ ਗਏ।

**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**

# ਸੱਚੀਆਂ ਗੱਲਾਂ

ਹਰਪ੍ਰੀਤ ਕੌਰ ਪੇਲੀਆ
ਜਨਰਲ ਸਕੱਤਰ
98763-58250



1. ਮਾਂ ਸਾਰਿਆਂ ਦੀ ਜਗ੍ਹਾਂ ਲੈ ਸਕਦੀ ਹੈ, ਪਰ ਇਸ ਦੁਨੀਆਂ ਵਿਚ ਕੋਈ ਮਾਂ ਦੀ ਜਗ੍ਹਾ ਨਹੀਂ ਲੈ ਸਕਦਾ !
2. ਦੁੱਖ ਸਹਿਣਾ ਮਾਂ ਬਾਪ ਦੀ ਖਾਤਿਰ ਫਰਜ਼ ਹੈ, ਅਹਿਸਾਨ ਨਹੀਂ !
   ਕਰਜ਼ ਸਹਿਣਾ ਮਾਂ ਬਾਪ ਦੀ ਖ਼ਾਤਿਰ ਫਰਜ਼, ਹੈ ਅਹਿਸਾਨ ਨਹੀਂ !
3. ਜੇਕਰ ਧੀਆਂ ਨਾ ਹੁੰਦੀਆਂ ਇਸ ਜਗ ਅੰਦਰ, ਸੀਸ ਕਿਸੇ ਨੂੰ ਕੋਈ ਨਿਆਉਂਦਾ ਨਹੀਂ !
   ਅੰਨ ਜਲ ਨਾ ਜੋਰਾਵਾਰ ਹੋਵੇ, ਕਿਸੇ ਦੇ ਘਰ ਦਾ ਕੋਈ ਖਾਂਵਦਾ ਨਹੀਂ !
4. ਸੁੱਟੇ ਅੱਥਰੂ ਕੋਈ ਬਾਪ ਨੂੰ ਧੀ ਆਖੇ, ਦਿਲ ਹੋ ਗਿਆ ਹੈ ਚੂਰੋ-ਚੂਰ ਰਾਜਾ !
   ਵੇਖੀ ਭੁਲ ਨਾ ਜਾਵੀਂ ਪਿਆਰ ਰਾਜਾ, ਭਾਵੇਂ ਚੱਲੇ ਹਾਂ ਅਸੀਂ ਤੇਥੋਂ ਦੂਰ ਰਾਜਾ !
5. ਕੱਚਾ ਘਰ ਦੇਖ ਕੇ ਕਿਸੇ ਨਾਲ ਰਿਸ਼ਤਾ ਨਾ ਤੋੜਿਓ, ਕਿਉਂਕਿ ਮਿੱਟੀ ਦੀ ਪਕੜ ਮਜਬੂਤ ਹੁੰਦੀ ਹੈ।
   ਅਤੇ ਸੰਗਮਰਮਰ ਤੋਂ ਪੈਰ ਅਕਸਰ ਤਿਲਕ ਹੀ ਜਾਂਦੇ ਹਨ !
6. ਉਹ ਹੰਝੂ ਤੋਂ ਬਚੋ ਜੋ ਤੁਹਾਡੇ ਦੁੱਖ ਦੇਣ ਤੇ ਕਿਸੇ ਦੀ ਅੱਖ 'ਚੋਂ ਨਿਕਲੇ !
   ਉਸ ਹੰਝੂ ਦੀ ਕਦਰ ਕਰੋ, ਜੋ ਤੁਹਾਡੇ ਦੁੱਖੀ ਹੋਣ ਤੇ ਕਿਸੇ ਦੀ ਅੱਖ 'ਚੋਂ ਨਿਕਲੇ !
7. ਜ਼ਿੰਦਗੀ ਇਸ ਤਰ੍ਹਾਂ ਜੀਵੋ ਕਿ ਆਪਣੇ ਰੱਬ ਨੂੰ ਪਸੰਦ ਆ ਜਾਓ।
   ਕਿਉਂਕਿ ਦੁਨੀਆਂ ਵਾਲਿਆਂ ਦੀ ਪਸੰਦ ਤਾਂ ਪਲ ਭਰ ਵਿਚ ਬਦਲ ਜਾਂਦੀ ਹੈ !
8. ਮਿਲੇ ਨਾ ਰੋਟੀ ਇੱਕ ਟਾਇਮ ਵੀ ਏਨਾਂ ਮਾੜਾ ਨਸੀਬ ਨਾਂ ਹੋਵੇ !
   ਪੈਸਾ ਆਉਂਦਾ ਜਾਂਦਾ ਰਹਿੰਦਾ ਹੈ ਬੰਦਾ ਰੂਹ ਦਾ ਗਰੀਬ ਨਾ ਹੋਵੇ !
9. ਦੁਨਿਆਵੀ ਦੌਲਤ ਕੋਈ ਇਨਸਾਨ ਆਪਣੇ ਪੁੱਤਰ, ਧੀ, ਪਤਨੀ, ਭਰਾ ਮਾਂ ਅਤੇ ਬਾਪ ਲਈ ਛੱਡ ਕੇ ਜਾ ਸਕਦਾ ਹੈ, ਕਿਸੇ ਨੂੰ ਮਿਹਨਤ ਜਾਂ ਸਮਾਂ ਬਤੀਤ ਕੀਤਿਆਂ ਬਿਨਾਂ ਵੀ ਮਿਲ ਸਕਦੀ ਹੈ ਪਰ ਧਰਮ ਨੂੰ ਆਪ ਕਮਾਉਣਾ ਪੈਂਦਾ ਹੈ ਇਹ ਕਿਸੇ ਦੇ ਕਮਾਇਆ ਹੋਇਆ ਨਹੀਂ ਮਿਲਦਾ !
10. ਜੋ ਰੱਬ ਦੇ ਸਾਹਮਣੇ ਝੁੱਕ ਜਾਵੇ, ਰੱਬ ਉਸਨੂੰ ਕਿਸੇ ਹੋਰ ਸਾਹਮਣੇ ਝੁੱਕਣ ਨਹੀਂ ਦਿੰਦਾ !
11. ਕਰਮ ਚੰਗੇ ਤੇ ਭਰੋਸਾ ਰੱਬ ਤੇ ਹੋਣਾ ਚਾਹੀਦਾ ਹੈ, ਫਿਰ ਦੁਨੀਆਂ ਦੀ ਕੋਈ ਵੀ ਤਾਕਤ ਤੁਹਾਨੂੰ ਹਰਾ ਨਹੀਂ ਸਕਦੀ !
12. ਨਫ਼ਰਤ ਦੇ ਸ਼ਹਿਰ ਵਿਚ ਚਲਾਕੀਆਂ ਦੇ ਡੇਰੇ, ਏਥੇ ਉਹ ਲੋਕ ਰਹਿੰਦੇ ਨੇ, ਤੇਰੇ ਮੂੰਹ ਤੇ ਤੇਰੇ, ਮੇਰੇ ਮੂੰਹ ਤੇ ਮੇਰੇ !
13. ਅੱਗ ਆਪਣੇ ਹੀ ਲਾਉਂਦੇ ਹਨ, ਜ਼ਿੰਦਗੀ ਨੂੰ ਵੀ ਅਤੇ ਲਾਸ਼ ਨੂੰ ਵੀ !

# ਸਿੱਖ ਇਤਿਹਾਸ ਨਾਲ ਸੰਬੰਧਤ ਅਸਥਾਨ

## ਗੁਰਦੁਆਰਾ ਬਾਉਲੀ ਸਾਹਿਬ, ਰੰਗ ਮਹਿਲ, ਲਾਹੌਰ

ਪੰਜਵੇਂ ਪਾਤਿਸ਼ਾਹ ਜੀ ਦਾ ਇਹ ਪਾਵਨ ਅਸਥਾਨ ਲਾਹੌਰ ਸ਼ਹਿਰ ਦੇ ਰੰਗ ਮਹਿਲ ਬਾਜ਼ਾਰ ਦੇ ਚੌਂਕ ਅੰਦਰ ਹੈ। ਇਸ ਅਸਥਾਨ ਦੇ ਨਾਲ ਸੁਨਹਿਰੀ ਮਸੀਤ ਦਾ ਪਿਛਵਾੜਾ ਲੱਗਦਾ ਹੈ।

ਇਸ ਅਸਥਾਨ ਦਾ ਇਤਿਹਾਸ ਦੱਸਦਿਆਂ ਹੋਇਆ "ਤਾਰੀਫ਼ ਖਾਲਸਾ" ਦਾ ਕਰਤਾ ਲਿਖਦਾ ਹੈ : ਗੁਰੂ ਸਾਹਿਬ ਦੇ ਲਾਹੌਰ ਜਾਣ ਸਮੇਂ ਇਕ ਵੱਡਾ ਝਗੜਾ ਹੋ ਰਿਹਾ ਸੀ। ਬੁਖਾਰੇ ਦਾ ਇਕ ਪਠਾਣ ਮੁਹਿੰਮ ਉੱਤੇ ਜਾਣ ਲੱਗਾ ਛੇਤੀ ਨਾਲ ੧੪੨ ਮੋਹਰਾਂ ਦਾ ਬਟੂਆ ਛੱਜੂ ਭਗਤ ਪਾਸ ਅਮਾਨਤ ਰੱਖ ਗਿਆ ਸੀ। ਅਜੇ ਉਦੋਂ ਹੀ ਛੱਜੂ ਨੇ ਦੁਕਾਨ ਖੋਲੀ ਸੀ ਇਸ ਲਈ ਅਜੇ ਤੱਕ ਰੋਜ਼ਨਾਮਚਾ ਲਿਖਣ ਵਾਲਾ ਵੀ ਕੋਈ ਨਹੀਂ ਸੀ ਆਇਆ। ਛੱਜੂ ਉਸ ਬਟੂਏ ਨੂੰ ਸੰਦੂਕ ਵਿਚ ਰੱਖ ਕੇ ਭੁੱਲ ਗਿਆ। ਕਈ ਮਹੀਨਿਆਂ ਪਿੱਛੋਂ ਆ ਕੇ ਪਠਾਣ ਨੇ ਰਕਮ ਮੰਗੀ। ਅਮਾਨਤ ਦੀ ਵਹੀ ਵਿਚ ਉਸ ਦਾ ਨਾਮ ਨਹੀਂ ਸੀ। ਛੱਜੂ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਮੁਕੱਦਮਾ ਲਾਹੌਰ ਦੇ ਹਾਕਿਮ ਕੋਲ ਗਿਆ ਤੇ ਪਠਾਣ ਹਾਰ ਗਿਆ। ਕੁਝ ਚਿਰ ਮਗਰੋਂ ਛੱਜੂ ਨੇ ਸਫਾਈ ਕੀਤੀ ਤਾਂ ਉਹ ਬਟੂਆ ਨਿਕਲ ਆਇਆ। ਛੱਜੂ ਇਕ ਦੋਸ਼ਾਲਾ ਲੈ ਕੇ ਪਠਾਣ ਕੋਲ ਗਿਆ ਤੇ ਮੁਆਫ਼ੀ ਮੰਗੀ। ਪਠਾਣ ਨੇ ਆਖਿਆ ਕਿ ਮੈਂ ਮੁਕੱਦਮਾ ਹਾਰ ਚੁੱਕਾ ਹਾਂ, ਇਸ ਵਾਸਤੇ ਇਸ ਉੱਤੇ ਮੇਰਾ ਕੋਈ ਹੱਕ ਨਹੀਂ। ਇਹ ਝਗੜਾ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪੇਸ਼ ਹੋਇਆ। ਜਦ ਉਹਨਾਂ ਦੋਹਾਂ ਨੇ ਪੈਸੇ ਕਬੂਲ ਨਾ ਕੀਤੇ ਤਾਂ ਗੁਰੂ ਜੀ ਨੇ ਉਸ ਪੈਸੇ ਨਾਲ ਡੱਬੀ ਬਜ਼ਾਰ ਅੰਦਰ ਲੋਕਾਂ ਵਾਸਤੇ ਸੰਮਤ ੧੬੧੬ ਵਿਚ ਇਕ ਬਾਉਲੀ ਬਣਵਾਈ।

ਸੰਮਤ ੧੬੯੫ ਵਿਚ ਇਹ ਬਾਉਲੀ ਮਿੱਟੀ ਨਾਲ ਭਰਾ ਦਿੱਤੀ ਗਈ। ਮਹਾਰਾਜ ਰਣਜੀਤ ਸਿੰਘ ਸਮੇਂ ਸੰਮਤ ੧੮੯੧ ਵਿਚ ਇਕ ਫੁਲੇਰੇ ਦੇ ਪਤਾ ਦੇਣ ਤੇ ਇਹ ਬਾਉਲੀ ਪ੍ਰਗਟ ਕੀਤੀ ਗਈ। ਇਕ ਵਾਰ ਇਸ ਵੇਲੇ ਫਿਰ ਇਹ ਬਾਉਲੀ ਅਲੋਪ ਹੋ ਚੁੱਕੀ ਹੈ। ਇਸ ਵੇਲੇ ਕੇਵਲ ਇਕ ਨਿੱਕਾ ਜਿਹਾ ਬਾਗ ਹੈ, ਜਿਸ ਵਿਚ ਲੋਕ ਆਰਾਮ ਕਰਦੇ ਹਨ, ਆਸੇ ਪਾਸੇ ਦੁਕਾਨਾਂ ਹਨ।

## ਗੁਰਦੁਆਰਾ ਡੇਹਰਾ ਸਾਹਿਬ ਲਾਹੌਰ

ਸਿੱਖ ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਮਹਾਰਾਜ ਚੰਦੂ ਦੇ ਤਸੀਹੇ ਸਹਾਰਦੇ ਹੋਏ ਇਥੇ ਸ਼ਹੀਦ ਹੋਏ। ਉਹਨਾਂ ਨੂੰ ਤੱਤੀ ਤਵੀ ਤੇ ਬਿਠਾ ਕੇ ਇਥੇ ਰਾਵੀ ਦੇ ਠੰਡੇ ਪਾਣੀ ਵਿਚ ਸੁੱਟ ਦਿੱਤਾ ਗਿਆ। ਇਉਂ ਆਪ ਨੇ ਇਸ ਥਾਂ ਉੱਤੇ ੩੦ ਮਈ ੧੬੦੬ ਨੂੰ ਸ਼ਹੀਦੀ ਪ੍ਰਾਪਤ ਕੀਤੀ।

ਉਸ ਸਮੇਂ ਰਾਵੀ ਕਿਲੇ ਅਤੇ ਸ਼ਾਹੀ ਮਸੀਤ ਦੀਆਂ ਕੰਧਾਂ ਨਾਲ ਖਹਿ ਕੇ ਇਥੇ ਵਗਦੀ ਸੀ। ਸੰਨ ੧੬੧੯ ਨੂੰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਗੁਰ ਅਸਥਾਨਾਂ ਦੇ ਦਰਸ਼ਨਾਂ ਨੂੰ ਆਏ ਤਾਂ ਆਪ ਨੇ ਇਸ ਸ਼ਹੀਦੀ ਅਸਥਾਨ ਉੱਤੇ ਥੜਾ ਸਾਹਿਬ ਤਿਆਰ ਕਰਵਾਇਆ। ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਗਈ। ਸੰਗਮਰਮਰ ਦੀ ਮਨਮੋਹਣੀ ਇਮਾਰਤ ਗੁੰਬਦਦਾਰ ਜਿਹਦੇ ਚੁਫੇਰੇ ਬਰਾਮਦਾ ਬਣਵਾਇਆ ਗਿਆ। ੧੯੦੯ ਨੂੰ ਪ੍ਰਕਾਸ਼ ਅਸਥਾਨ ਵਾਸਤੇ ਇਕ ਹਾਲ ਕਮਰਾ ਅਤੇ ਸਰਾ ਬਣਵਾਈ ਗਈ ਅਤੇ ਨਿਸ਼ਾਨ ਸਾਹਿਬ ਸਥਾਪਤ ਕਰਵਾਇਆ ਗਿਆ। ਗੁਰਦੁਆਰਾ ਸੁਧਾਰ ਲਹਿਰ ਸਮੇਂ ਇਸ ਗੁਰਦੁਆਰੇ ਦੇ ਪ੍ਰਬੰਧ ਵਾਸਤੇ ੧੯੨੪ ਨੂੰ ਲੋਕਲ ਕਮੇਟੀ ਬਣਾਈ ਗਈ। ੧੯੨੭ ਨੂੰ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਚਲਾ ਗਿਆ। ੨੧ ਅਪ੍ਰੈਲ ੧੯੩੦ ਨੂੰ ਇਕ ਵਾਰ ਫਿਰ ਸੇਵਾ ਅਰੰਭ ਹੋਈ ਜੋ ੯ ਸਤੰਬਰ ੧੯੩੪ ਨੂੰ ਸੰਪੂਰਨ ਹੋਈ। ਗੁੰਬਦ ਉੱਤੇ ਸੋਨਾ ਚੜ੍ਹਾਇਆ ਗਿਆ ਅਤੇ ਆਸੇ ਪਾਸੇ ਕੱਚੀ ਥਾਂ ਨੂੰ ਪੱਕਾ ਕੀਤਾ ਗਿਆ। ੯ ਸਤੰਬਰ ੧੯੪੭ ਨੂੰ ਇਸ ਦਾ ਪ੍ਰਬੰਧ ਪਾਕਿਸਤਾਨ ਸਰਕਾਰ ਦੇ ਹੱਥ ਆਇਆ। ਹੁਣ ਵੀ ਇਥੇ ਰੋਜ਼ਾਨਾ ਪ੍ਰਕਾਸ਼ ਹੁੰਦਾ ਹੈ। ਦੇਸ਼ ਵਿਦੇਸ਼ ਤੋਂ ਹਰ ਵੇਲੇ ਸੰਗਤ ਇਥੇ ਜੁੜੀ ਰਹਿੰਦੀ ਹੈ। ਗੁਰੂ ਦਾ ਲੰਗਰ ਜਾਰੀ ਹੈ। ਦੋ ਸਿੰਘ ਸਰਕਾਰ ਵੱਲੋਂ ਸੇਵਾਦਾਰ ਹਨ। ਪਾਕਿਸਤਾਨ ਬਣਨ ਮਗਰੋਂ ਸਤਿਕਾਰਯੋਗ ਸਰਦਾਰ ਹਰੀ ਸਿੰਘ ਜੀ ਇਸ ਦੇ ਪਹਿਲੇ ਗ੍ਰੰਥੀ ਸਨ ਜੋ ੧੯੬੫ ਤੋਂ ਬਹੁਤ ਚਿਰ ਤੱਕ ਰੇਡੀਓ ਪਾਕਿਸਤਾਨ ਦੇ ਪ੍ਰੋਗਰਾਮ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕਰਦੇ ਰਹੇ।

ਸੰਗਤ ਦੀ ਵਧਦੀ ਹੋਈ ਗਿਣਤੀ ਨੂੰ ਮੁੱਖ ਰੱਖਦਿਆਂ ਹੁਣ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਨਾਲ ਲਗਦੀ ਵਿਹਲੀ ਜ਼ਮੀਨ ਉੱਤੇ ਮੀਆ ਮੀਰ ਜੀ ਦੀ ਯਾਦ ਵਿਚ ਸਾਈ ਮੀਆਂ ਮੀਰ ਸਰਾਂ ਉਸਾਰੀ ਗਈ ਹੈ। ਇਸ ਸਰਾਂ ਦੀਆਂ ਦੋ ਮੰਜ਼ਲਾਂ ਹਨ ਜਿਹੜੇ ਥੱਲੇ ਇਕ ਤਹਿਖਾਨਾ ਵੀ ਹੈ।

## ਗੁਰਦੁਆਰਾ ਗੁਰੂ ਅਮਰਦਾਸ ਜੀ, ਧੁੱਨੀ (ਜ਼ਿਲ੍ਹਾ ਹਾਫਿਜ਼ਾਬਾਦ)

ਜ਼ਿਲ੍ਹਾ ਤਹਿਸੀਲ ਹਾਫਿਜ਼ਾਬਾਦ ਦਾ ਪਿੰਡ ਜੋ ਧੁੱਨੀ ਕਰਕੇ ਮਸ਼ਹੂਰ ਹੈ, ਇਸ ਪਿੰਡ ਨੂੰ ਹਾਫਿਜ਼ਾਬਾਦ ਤੋਂ ਪੱਕੀ ਸੜਕ ਜਾਂਦੀ ਹੈ, ਇਸ ਤੋਂ ਪਹਿਲੋਂ ਪਿੰਡ ਵਿੱਨੀ ਆਉਂਦਾ ਹੈ। ਇਸ ਵਿਚ ਵੀ ਗੁਰਦੁਆਰਾ ਸਾਹਿਬ ਹੈ।

ਧੁੱਨੀ ਵਾਲੇ ਗੁਰਦੁਆਰਾ ਸਾਹਿਬ ਵਿਚ ਗੁਰੂ ਅਮਰਦਾਸ ਜੀ ਦੇ ਜੋੜੇ ਦਾ ਇਕ ਪੈਰ ਸੀ ਜੋ ੧੧ ਇੰਚ ਲੰਮਾ ਤੇ ਸਾਢੇ ਤਿੰਨ ਇੰਚ ਚੌੜਾ ਸੀ। ਭਾਈ ਚੈਨਾ ਮੱਲ (ਧੀਰੋ ਮੱਲ) ਤੀਜੇ ਗੁਰੂ ਦਾ ਪ੍ਰੇਮੀ ਸਿੱਖ ਸੀ। ਸਤਿਗੁਰੂ ਜੀ ਨੇ ਇਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਸ ਨੂੰ ਆਪਣਾ ਜੋੜਾ ਬਖਸ਼ਿਆ, ਜਿਸ ਦਾ ਇਕ ਪੈਰ ਇਥੇ ਅਤੇ ਇਕ ਪਿੰਡ ਮਦਰ, ਤਹਿਸੀਲ ਨਨਕਾਣਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ ਵਿਚ ਹੈ। ਹਜ਼ੀਰਾ ਦੇ ਰੋਗੀ ਇਹਨਾਂ ਥਾਵਾਂ ਵਿਚ ਜਾਂਦੇ ਤੇ ਜੋੜੇ ਨੂੰ ਗਲ ਨਾਲ ਛੁਹਾ ਕੇ ਅਰੋਗ ਹੁੰਦੇ। ਇਸ ਵੇਲੇ ਗੁਰਦੁਆਰਾ ਸਾਹਿਬ ਪਿੰਡ ਦੇ ਵਿਚਾਲੇ ਹੈ। ਹਾਲ ਕਮਰਾ ਹੈ, ਜਿਸ ਦੇ ਚਾਰ ਬੂਹੇ ਹਨ, ਇਸ ਵਿਚ ਹੁਣ ਅੰਬਾਲੇ ਤੋਂ ਆਏ ਹੋਏ ਸ਼ਰਨਾਰਥੀ ਵਸੇ ਹੋਏ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਪੱਕੀ, ਫਰਸ਼ ਚਿੱਟੇ ਕਾਲੇ ਰੰਗ ਦੀਆਂ ਰੋਗਨੀ ਇੱਟਾਂ ਦਾ ਲੱਗਾ ਹੋਇਆ ਹੈ। ਛੱਤ ਕੋਈ ੧੬ ਫੁੱਟ ਉੱਚੀ ਹੈ। ਜ਼ਮੀਨ ਇਸ ਪਿੰਡ ਤੇ ਕੁਝ ਹੋਰ ਪਿੰਡਾਂ ਵਿਚ ਹੈ।

**ਇੰਜੀਨੀਅਰ ਪਰਮਿੰਦਰਜੀਤ ਸਿੰਘ, ਕੋ ਐਡੀਟਰ**
**99153-57524**

## ਸ਼ਬਦਾਂ ਦੇ ਸੰਜੋਗ

ਹਰਬਖਸ਼ ਸਿੰਘ ਟਾਹਲੀ, ਯੂ.ਐਸ.ਏ.

* ਜਿਹੜੇ ਮੁਰਦਿਆਂ ਦੀਆਂ ਮੁੰਦੀਆਂ ਲਾਹੁੰਦੇ ਹਨ ਉਹ ਚੋਰ ਹੀ ਨਹੀਂ ਚੋਰ ਦੇ ਬਾਪ ਵੀ ਹੁੰਦੇ ਹਨ ਕਿਉਂਕਿ ਉਹਨਾਂ ਮੁੰਦਰੀਆਂ ਨੂੰ ਵੇਚ ਕੇ ਉਹ ਆਪਣੇ ਬੱਚਿਆਂ ਨੂੰ ਪਾਲਦੇ ਹਨ।
* ਮਹਾਂਵੀਰ ਕਿੰਨਾ ਚੰਗਾ ਸੀ ਜੋ ਕੱਪੜੇ ਪਾਉਣ ਤੋਂ ਬਿਨਾਂ ਵੀ ਸੱਚ ਬੋਲਣ ਤੋਂ ਸ਼ਰਮ ਨਹੀਂ ਸੀ ਕਰਦਾ ਪਰ ਅੱਜ ਦਾ ਇਹ ਮਨੁੱਖ ਕਿੰਨਾ ਵਿਚਾਰਾ ਤੇ ਬੇਬਸ ਹੈ ਜੋ ਕੱਪੜੇ ਪਹਿਨ ਕੇ ਵੀ ਸੱਚ ਬੋਲਣ ਤੋਂ ਸ਼ਰਮ ਕਰਦਾ ਹੈ।
* ਇਕ ਨੇ ਕਿਹਾ, ਲੀਡਰ ਬੜੇ ਬੇਈਮਾਨ ਹੁੰਦੇ ਹਨ, ਦੂਜੇ ਨੇ ਕਿਹਾ, ਬੇਈਮਾਨ ਲੋਕ ਹੀ ਤੇ ਲੀਡਰ ਬਣਦੇ ਹਨ।
* ਰੱਬ ਜਦੋਂ ਵੀ ਮਿਲਦਾ ਹੈ ਮਨੁੱਖ ਨੂੰ ਇਕੱਲਿਆਂ ਮਿਲਦਾ ਹੈ। ਗੁਰੂ ਇਕੱਲਿਆਂ ਹੋਣ ਦੀ ਵਿਧੀ ਦੱਸਦਾ ਹੈ।
* ਲੋਕ ਬੜੀਆਂ-ਬੜੀਆਂ ਸਟੇਜ਼ਾਂ ਲਗਾ ਕੇ ਰੱਬ ਨੂੰ ਸੇਲ 'ਤੇ ਲਾ ਦਿੰਦੇ ਹਨ ਅਤੇ ਆਪ ਦਲਾਲ ਬਣ ਜਾਂਦੇ ਹਨ।
* ਧਰਤੀ, ਹਵਾ, ਜਲ, ਅਗਨ ਤੇ ਆਕਾਸ਼ ਦੇ ਤੱਤਾਂ ਨਾਲ ਸੰਸਾਰ ਬਣਿਆ ਹੈ। ਇਹਨਾਂ ਤੱਤਾਂ ਨੇ ਹੀ ਜੀਵਨ ਨੂੰ ਖਤਮ ਵੀ ਕਰਨਾ ਹੈ ਅਤੇ ਚਲਾਉਣਾ ਵੀ ਹੈ।
* ਰੱਬ ਨੂੰ ਲੱਭਣ ਲਈ ਲੋਕ ਪਹਾੜਾਂ ਵਿਚ ਭਟਕਦੇ ਫਿਰਦੇ ਹਨ ਜਦੋਂ ਕਿ ਰੱਬ ਤਾਂ ਸਾਡੇ ਜਨਮ ਤੋਂ ਸਾਡੇ ਨਾਲ ਹੈ।
* ਨਫ਼ਰਤ ਨਾਲ ਭਰੇ ਇਨਸਾਨ ਨੂੰ ਦੁਸ਼ਮਣ ਲੱਭਣ ਦੀ ਲੋੜ ਨਹੀਂ ਹੁੰਦੀ, ਉਹ ਤੇ ਆਪ ਹੀ ਸਾਰਿਆਂ ਦਾ ਦੁਸ਼ਮਣ ਬਣ ਜਾਂਦਾ ਹੈ।
* ਹਰ ਬੰਦੇ ਨੂੰ ਹੱਥ ਜੋੜ ਕੇ ਮਿਲਣ ਨਾਲ ਤੁਸੀਂ ਰੱਬ ਦੇ ਅੱਗੇ ਸਮਰਪਿਤ ਹੋਇਆ ਮਹਿਸੂਸ ਕਰਦੇ ਹੋ।
* ਹਰ ਕੋਈ ਕਹਿੰਦਾ ਹੈ ਕਿ ਮਜ਼ਬਾਂ ਦੀ ਦੀਵਾਰ ਤੋੜ ਦਿਓ ਪਰ ਇਹ ਸਭ ਕਹਿ ਕੇ ਹਿੰਦੂ ਮੰਦਰ ਵਿਚ ਜਾ ਬੈਠਦਾ ਹੈ, ਮੁਸਲਮਾਨ ਮਸੀਤ 'ਤ ਤੇ ਸਿੱਖ ਗੁਰਦੁਆਰੇ 'ਚ।
* ਸਭ ਤੋਂ ਵੱਧ ਲੋਕ ਧਰਮ ਦੇ ਨਾਮ 'ਤੇ ਗੁੰਮਰਾਹ ਹੁੰਦੇ ਹਨ ਅਤੇ ਸਭ ਤੋਂ ਵੱਧ ਲੋਕ ਧਰਮ ਦੇ ਨਾਮ 'ਤੇ ਮਰਦੇ ਹਨ ਕਿਉਂਕਿ ਧਰਮ ਭੂਤ ਤੇ ਭਵਿੱਖ ਦੀ ਚਰਚਾ ਕਰਦਾ ਹੈ ਅਤੇ ਵਰਤਮਾਨ ਨੂੰ ਬੇਚੈਨ ਕਰ ਦਿੰਦਾ ਹੈ।
* ਕਿਸੇ ਨੂੰ ਪਸੰਦ ਕਰਨ ਦੇ ਬਾਅਦ ਬੰਦਾ ਇਹ ਜ਼ਰੂਰ ਕਹਿੰਦਾ ਹੈ ਕਿ ਤੇਰਾ-ਮੇਰਾ ਤੇ ਪਿਛਲੇ ਜਨਮ ਦਾ ਸਬੰਧ ਹੈ।
* ਕਿਸੇ ਨੇ ਇਕ ਫ਼ਕੀਰ ਨੂੰ ਕਿਹਾ "ਤੂੰ ਚਾਰ ਵਜੇ ਉੱਚੀ-ਉੱਚੀ ਨਾਮ ਜਪ ਕੇ ਸੁੱਤੇ ਹੋਏ ਲੋਕਾਂ ਨੂੰ ਉਠਾਲਣ ਦੀ ਗਲਤੀ ਕਰਦਾ ਏ" - ਫਕੀਰ ਨੇ ਕਿਹਾ ਗਲਤੀ ਮੈਂ ਨਹੀਂ ਕਰਦਾ ਸਗੋਂ ਗਲਤੀ ਇਹ ਲੋਕ ਕਰ ਰਹੇ ਹਨ ਜੋ ਚਾਰ ਵਜੇ ਤੱਕ ਸੁੱਤੇ ਪਏ ਹਨ।
* ਸੰਸਥਾਵਾਂ ਨੂੰ ਚਲਾਉਣ ਲਈ ਜਿੱਥੇ ਪਿਆਰ, ਸ਼ਾਂਤੀ ਤੇ ਦਿਆਨਤਦਾਰ ਲੋਕਾਂ ਦੀ ਲੋੜ ਹੁੰਦੀ ਹੈ, ਉਥੇ ਥੋੜ੍ਹੇ ਜਿਹੇ ਸਿਰਫਿਰੇ ਲੋਕਾਂ ਦੀ ਵੀ ਲੋੜ ਹੁੰਦੀ ਹੈ, ਜੋ ਕੰਡੇ ਬਣ ਕੇ ਫੁੱਲਾਂ ਦੀ ਰਾਖੀ ਕਰਦੇ ਹੋਣ।
* ਮਨੁੱਖ ਜਿੰਨਾ ਆਪਣੀ ਜ਼ਿੰਦਗੀ ਨੂੰ ਭੋਗਦਾ ਹੈ ਓਨੀ ਹੀ ਉਸ ਦੀ ਜ਼ਿੰਦਗੀ ਅੰਤ ਵੱਲ ਨੂੰ ਤੁਰੀ ਜਾਂਦੀ ਹੈ।
* ਵਿਗਿਆਨੀਆਂ ਨੇ ਕਿਹਾ ਕਿ ਕੋਈ 61 ਅਰਬ ਗ੍ਰਹਿਆਂ ਉਤੇ ਜੀਵਨ ਹੈ ਧਰਮ ਕਹਿੰਦਾ ਆਇਆ ਹੈ ਕਿ ਅਣਗਿਣਤ ਮੰਡਲ ਹਨ ਜਿਥੇ ਜੀਵਨ ਹੈ। ਵਿਗਿਆਨੀ 61 ਅਰਬ ਗ੍ਰਿਹਾਂ ਨੂੰ ਲੱਭਦੇ-ਲੱਭਦੇ ਖਪ ਜਾਣਗੇ ਪਰ ਧਰਮ ਇਕ ਗੁਰਮੰਤਰ ਦਿੰਦਾ ਹੈ ਤਾਂ ੧ਓਦੇ ਦਰਸ਼ਨ ਕਰਵਾ ਦਿੰਦਾ ਹੈ।
* ਲੋਕਾਂ ਨੂੰ ਧਰਮ ਦੇ ਨਾਮ 'ਤੇ ਗੁੰਮਰਾਹ ਕਰਨ ਵਾਲੇ ਸੰਤ, ਲੋਕਾਂ ਨੂੰ ਸਹੀ ਰਸਤਾ ਨਹੀਂ ਦੱਸਦੇ ਤੇ ਉਨ੍ਹਾਂ ਨੂੰ ਆਪਣੇ ਰੱਬ ਨਾਲੋਂ ਤੋੜ ਕੇ ਉਨ੍ਹਾਂ ਦਾ ਬਹੁਤ ਵੱਡਾ ਨੁਕਸਾਨ ਕਰ ਦਿੰਦੇ ਹਨ।
* ਅਸੀਂ ਸੁਪਨੇ ਵਿਚ ਆਪਣੇ ਜਾਗਰਨ ਵਾਲੇ ਰਿਸ਼ਤਿਆਂ ਦੇ ਨਾਮ ਭੁਲ ਜਾਂਦੇ ਹਾਂ, ਇਥੋਂ ਤੱਕ ਕਿ ਆਪਣਾ ਨਾਮ ਵੀ ਯਾਦ ਨਹੀਂ ਰਹਿੰਦਾ। ਕਿਤੇ ਜ਼ਿੰਦਗੀ ਦਾ ਇਹੋ ਸੱਚ ਤੇ ਨਹੀਂ ਕਿ ਨਾ ਸਾਡਾ ਕੋਈ ਨਾਮ ਹੈ ਅਤੇ ਨਾ ਹੀ ਕੋਈ ਰਿਸ਼ਤਾ?

# ਐਤਕੀਂ ਨਾ ਲਾਇਓ ਕਿਸਾਨ ਵੀਰੋ ਅੱਗ ਪੰਜਾਬ ਨੂੰ

ਸੱਚੀ ਯਾਰ ਬਾਈ ਐਤਕੀਂ ਤਾਂ ਮਿੰਨਤ ਕਰਾ ਲੋ, ਹੱਥ ਬੰਨ੍ਹ ਕੇ ਬੇਨਤੀ ਐ ਕਿ ਨਾ ਲਾਇਓ ਨਾੜ ਨੂੰ ਅੱਗ। ਨਾੜ ਨੂੰ ਹੀ ਨਹੀਂ, ਤੁਸੀਂ ਇਹ ਸਮਝ ਲਓ ਪੰਜਾਬ ਨੂੰ ਹੀ ਅੱਗ ਲਗਾ ਰਹੇ ਹੋ। ਆਪਣਿਆਂ ਦੀ ਨਸਲਕੁਸ਼ੀ ਹੀ ਕਰ ਰਹੇ ਹੋ। ਕਿਉਂਕਿ ਤੁਹਾਡੀ ਇਸ ਆਦਤ ਨਾਲ ਮਨੁੱਖੀ ਸਰੀਰ ਖੋਖਲਾ ਹੁੰਦਾ ਜਾ ਰਿਹਾ ਹੈ ਜੇ ਤੁਸੀਂ ਇਸੇ ਤਰ੍ਹਾਂ ਹਾੜੀ-ਸਾਉਣੀ ਨਾੜ ਨੂੰ ਅੱਗ ਲਗਾ ਕੇ ਪੰਜਾਬ ਨੂੰ ਧੂੰਆਂ-ਧਾਰ ਕਰਦੇ ਰਹੇ ਤਾਂ ਫਿਰ ਆਉਣ ਵਾਲੀਆਂ ਪੀੜ੍ਹੀਆਂ ਦਾ ਕੀ ਬਚੂਗਾ ਯਾਰ।

ਠੀਕ ਐ ਕਿ 1947 ਤੋਂ ਬਾਅਦ ਸਾਡੇ ਕੋਲ ਅੰਨ ਦੀ ਬਹੁਤ ਘਾਟ ਸੀ, ਢਿੱਡ ਦੀ ਭੁੱਖ ਦੂਰ ਕਰਨ ਲਈ ਸਰਕਾਰ ਨੂੰ ਬਗਾਨੇ ਮੁਲਕਾਂ ਕੋਲ ਝੋਲੀ ਚੁੱਕ ਕੇ ਫਿਰਨਾ ਪੈਂਦਾ ਸੀ ਫਿਰ ਪੰਜਾਬ ਦੇ ਕਿਰਸਾਨੋਂ, ਬਾਈ ਤੁਸੀਂ ਸਿਰ ਲਾਤਾ ਮਿਹਨਤ ਕਰਨ ਦਾ, ਕਰਜ਼ ਲੈ ਕੇ ਟਿਊਬਵੈਲ ਲਾਏ, ਟਰੈਕਟਰ ਖਰੀਦੇ, ਚੰਗੇ ਬੀਜੇ ਖਰੀਦੇ, ਮਹਿੰਗੇ ਭਾਅ ਦੀਆਂ ਖਾਦਾਂ ਪਾਈਆਂ ਫਸਲਾਂ ਪੈਦਾ ਕੀਤੀਆਂ ਪੰਜਾਬ ਹਰਾ ਭਰਿਆ ਕਰਤਾ, ਹਰਾ ਇਨਕਲਾਬ ਲੈ ਆਂਦਾ, ਦੇਸ਼ ਦੇ ਭੰਡਾਰ ਭਰ ਦਿੱਤੇ ਅੰਨ ਨਾਲ। ਪਰ ਯਾਰੋ ਜੋ ਤੁਸੀਂ ਛੇ ਮਹੀਨਿਆਂ ਪਿਛੋਂ ਨਾੜ ਨੂੰ ਅੱਗ ਲਗਾਉਂਦੇ ਹੋ ਉਸ ਨਾਲ ਪਤਾ ਆਪਾਂ ਸਾਰਿਆਂ ਨੂੰ ਕਈ ਤਰ੍ਹਾਂ ਦੇ ਚਮੜੀ ਰੋਗ, ਸ਼ਾਹ ਦੀਆਂ ਬਿਮਾਰੀਆਂ, ਬੁਖਾਰ, ਨੱਕ, ਗਲ੍ਹਾ, ਫੇਫੜਿਆਂ ਦੇ ਰੋਗ, ਦਿਲ ਦੀਆਂ ਬਿਮਾਰੀਆਂ ਅਤੇ ਕੈਂਸਰ ਵਰਗੀਆਂ ਭਿਆਨਕ ਅਲਾਮਤਾਂ ਚਿੰਬੜਦੀਆਂ ਹਨ। ਜਿਨ੍ਹਾਂ ਫੈਕਟਰੀਆਂ ਦੀਆਂ ਚਿਮਣੀਆਂ 'ਚ ਨਿਕਲਦਾ ਧੂਆਂ ਮਨੁੱਖ ਲਈ ਮਾੜਾ ਹੈ ਉਨ੍ਹਾਂ ਹੀ ਨਾੜ ਨੂੰ ਅੱਗ ਲਗਾਉਣ ਨਾਲ ਪੈਦਾ ਹੋਇਆ ਧੂਆਂ ਖਤਰਨਾਕ ਹੈ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**


ਸਾਲ 'ਚ ਦੋ ਵਾਰੀ ਕਣਕ ਤੇ ਝੋਨਾ ਲਗਾਉਣ ਲਈ ਖੇਤਾਂ ਨੂੰ ਜਲਦੀ ਵਿਹਲਾ ਕਰਨ ਲਈ ਤੁਸੀਂ ਨਾੜ ਨੂੰ ਅੱਗ ਲਗਾਉਂਦਾ ਹੋ, 7 ਤੋਂ 8 ਮਿਲੀਅਨ ਟਨ ਝੋਨੇ ਦੀ ਨਾੜ ਅਕਤੂਬਰ ਤੋਂ ਨਵੰਬਰ ਤੱਕ ਸਾੜੀ ਜਾਂਦੀ ਹੈ। ਇਸ ਸੰਬੰਧੀ ਨਾਸਾ ਨੇ ਅੱਗ ਨਾਲ ਸੜਦੇ ਪੰਜਾਬ ਦੀ ਇਕ ਤਸਵੀਰ ਵੀ ਪੇਸ਼ ਕੀਤੀ ਸੀ ਪਰ ਇਸ ਚਿਤਾਵਨੀ ਨੂੰ ਵੀ ਤੁਸੀਂ ਨਜ਼ਰ ਅੰਦਾਜ਼ ਕਰ ਦਿੱਤਾ। ਫਿਰ ਬਾਕੀ ਗੱਲ ਸਖਤਾਈ ਵਾਲੀ ਰਹਿ ਗਈ। ਬਸ ਡਿਪਟੀ ਕਮਿਸ਼ਨਰ ਸਿਰਫ ਐਨਾ ਹੀ ਕਰ ਸਕਦਾ ਕਿ ਕ੍ਰਿਮੀਨਲ ਪ੍ਰੋਸੀਜਰ ਐਕਟ ਦੀ ਦਫ਼ਾ 144 ਦੇ ਅਧੀਨ ਰੋਕ ਲਗਾ ਸਕਦਾ ਹੈ, ਕੁਤਾਹੀ ਕਰਨ ਵਾਲੇ ਨੂੰ ਧਾਰਾ 188 ਅਧੀਨ ਛੇ ਮਹੀਨੇ ਦੇ ਜੇਲ ਤੇ ਇਕ ਹਜ਼ਾਰ ਰੁਪਏ ਜ਼ੁਰਮਾਨਾ ਕਰ ਸਕਦਾ ਹੈ। ਹੋਰ ਕੋਈ ਵੱਖਰਾ ਕਾਨੂੰਨ ਨਹੀਂ ਬਣਿਆ ਇਸ ਬੰਜਰ ਗਲਤੀ ਨੂੰ ਰੋਕਣ ਲਈ। ਹਾਂ ਕਿਸਾਨਾਂ ਨੂੰ ਅਗਾਊਂ ਸੁਚੇਤ ਕਰਨ ਲਈ ਅਖ਼ਬਾਰਾਂ ਜਾਂ ਟੀ.ਵੀ. ਰੇਡੀਓ ਵਰਗੇ ਮੀਡੀਏ ਦੀ ਵਰਤੋਂ ਕਰਕੇ ਇਸ਼ਤਿਹਾਰ ਦਿੱਤੇ ਜਾਂਦੇ ਹਨ। ਪ੍ਰੋਗਰਾਮ ਬਣਾਏ ਜਾਂਦੇ ਹਨ। ਪਰ ਅਜਿਹਾ ਕੋਈ ਕਾਨੂੰਨ ਨਹੀਂ ਬਣਿਆ ਹੋਇਆ ਕਿ ਮਨੁੱਖ ਨੂੰ ਅਨੇਕਾਂ ਅਲਾਮਤਾਂ ਦੇਣ ਵਾਲੇ ਇਸ ਖੇਤੀ ਵਿੱਚ ਕੀਤੇ ਜਾਂਦੇ ਕਾਰਜਾਂ ਨੂੰ ਸਖਤੀ ਨਾਲ ਰੋਕਿਆ ਜਾ ਸਕੇ। ਖੈਰ ਰਾਜਨੀਤਕ ਇੱਛਾ ਸ਼ਕਤੀ ਦੀ ਹੀ ਘਾਟ ਹੈ ਕਿ ਕੋਈ ਸਖਤ ਕਾਨੂੰਨ ਅਜੇ ਤੱਕ ਨਹੀਂ ਬਣਾਇਆ ਜਾ ਸਕਿਆ। ਸਰਕਾਰ ਵੱਲੋਂ ਕਈ ਤਰ੍ਹਾਂ ਦੇ ਖੋਜਕਾਰ ਵਿਭਾਗ ਵੀ ਚਲਾਏ ਜਾ ਰਹੇ ਹਨ ਉਨ੍ਹਾਂ ਵੱਲੋਂ ਨਾੜ ਦੀ ਸਾਂਭ ਸੰਭਾਲ ਨੂੰ ਮੁੱਖ ਰੱਖਦਿਆਂ ਕੋਈ ਨਵੀਂ ਖੋਜ ਨਹੀਂ ਕੀਤੀ ਜੀ ਰਹੀ - ਨਾ ਹੀ ਸਰਕਾਰ ਵੱਲੋਂ ਇਸ ਮਨੁੱਖ ਮਾਰੂ ਧੂਆਂ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਰੁਚੀ ਦਿਖਾਈ ਜਾ ਰਹੀ ਹੈ। ਪਰ ਕਿਸਾਨ ਵੀਰੋ ਸਰਕਾਰੀ ਨੀਤੀਆਂ ਤੇ ਕਾਨੂੰਨਾਂ ਨੂੰ ਛੱਡ ਕੇ ਸਾਨੂੰ ਆਪ ਹੀ ਮਨੁੱਖਤਾ ਦੇ ਬਚਾਅ ਲਈ ਨਾੜ ਤੋਂ ਪੈਦਾ ਹੁੰਦੇ ਧੂੰਏਂ ਤੋਂ ਖਹਿੜਾ ਛੁਡਾਉਣ ਲਈ ਹੰਭਲਾ ਮਾਰਨਾ ਚਾਹੀਦਾ ਹੈ।


1980 ਵਿਆਂ ਦੇ ਆਸ-ਪਾਸ ਕਿਸਾਨ ਹੱਥਾਂ ਨਾਲ ਵਾਢੀ ਕਰਦੇ ਤੇ ਦਾਤੀ ਜ਼ਮੀਨ ਨਾਲ ਖਹਿ ਕੇ ਲੰਘਿਆ ਕਰਦੀ ਤੇ ਬਾਕੀ ਰਹਿੰਦ-ਖੂੰਹਦ ਨੂੰ ਖੇਤਾਂ ਵਿਚ ਹੀ ਵਾਹ ਦਿੱਤਾ ਜਾਂਦਾ ਸੀ ਪਰ ਕੰਬਾਇਨਾਂ ਦੀ ਵਾਢੀ ਨਾਲ ਇਹ ਸਮੱਸਿਆ ਪੈਦਾ ਹੋਈ ਹੈ। ਇਸ ਵਾਢੀ ਕਰਕੇ ਪਸ਼ੂਆਂ ਲਈ ਤੂੜੀ ਦੀ ਵੀ ਕਿਲਤ ਪੈਦਾ ਹੋਈ ਹੈ। ਤੂੜੀ ਦੇ ਭਾਅ ਵੀ ਅਸਮਾਨ ਨੂੰ ਛੂੰਹਦੇ ਹਨ। ਪਰ ਤੁਸੀਂ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਜ਼ਮੀਨ ਦੇ ਮਿੱਤਰ ਕੀੜਿਆਂ ਨੂੰ ਵੀ ਮਾਰ ਰਹੇ ਹੋ ਜਿਸ ਕਰਕੇ ਕੀੜੇਮਾਰ ਮਹਿੰਗੀਆਂ ਦਵਾਈਆਂ ਦਾ ਛਿੜਕਾਅ ਕਰਨਾ ਪੈਂਦਾ ਹੈ ਤੇ ਇਹੋ ਜ਼ਹਿਰਾਂ ਵਾਤਾਵਰਣ ਨੂੰ ਗੰਦਲਾ ਕਰਦੀਆਂ ਹਨ ਤੇ ਪਸ਼ੂਆਂ, ਪੰਛੀਆਂ ਅਤੇ ਮਨੁੱਖਾਂ ਦੇ ਖਾਣੇ ਦੇ ਰੂਪ ਵਿਚ ਬਿਮਾਰੀਆਂ ਦਾ ਭਿਅੰਕਰ ਰੂਪ ਅਖਤਿਆਰ ਕਰਦੀਆਂ ਹਨ।

ਕਿਉਂ ਨਾ ਆਪਾਂ "ਹਜੇ ਵੀ ਕੁਝ ਨੀ ਵਿਗੜਿਆ ਡੁੱਲੇ ਬੇਰਾਂ ਦਾ," ਵਾਲੀ ਕਹਾਵਤ ਨੂੰ ਯਾਦ ਕਰਦਿਆਂ ਰਵਾਇਤੀ ਮੰਗ ਪਾ ਕੇ ਕੀਤੀ ਜਾਂਦੀ ਵਾਢੀ ਵੱਲ ਮੁੜ ਲਿਆਈਏ। ਤਾਂ ਜੋ ਸਾਡੇ ਕੰਮ ਧੰਦਿਆਂ 'ਚ ਇਕ ਦੂਜੇ ਦਾ ਹੱਥ ਵੰਡਾਉਣ ਦੇ ਨਾਲ ਨਾਲ ਸਾਡੇ 'ਚ ਭਾਈਚਾਰਕ ਸਾਂਝ ਵੀ ਪੈਦਾ ਹੁੰਦੀ ਰਹੇ।

# ਦੁਨੀਆਂ ਦੀ ਜਣਨੀ ਬਾਰੇ ਸੁਪਨੇ

ਜਦੋਂ ਮੈਂ ਇਕ ਅਫਰੀਕੀ ਮੈਦਾਨ ਵਿਚ ਚਲ ਰਿਹਾ ਸੀ ਤਾਂ ਸੂਰਜ ਦੀਆਂ ਕਿਰਨਾਂ ਆਪਣੇ ਜੋਰਾਂ ਤੇ ਥਲੇ ਗਰਮੀ ਵਰਸਾ ਰਹੀਆਂ ਸਨ। ਮੈਂ ਆਪਣੇ ਘੋੜੇ ਨੂੰ ਛੂਈ ਮੁਈ ਪੇੜ (ਉਹ ਪੇੜ ਜਿਸ ਦੇ ਪਤੇ ਹਥ ਲਗਦਿਆਂ ਹੀ ਮੁਰਝਾ ਜਾਂਦੇ ਹਨ) ਦੇਹ ਹੇਠਾਂ ਲੈ ਆਇਆ ਅਤੇ ਉਸਦੇ ਉਪਰੋਂ ਕਾਠੀ ਲਾਹ ਕੇ ਉਸਨੂੰ ਖੁਲਾ ਛੱਡ ਦਿਤਾ ਤਾਂ ਕੇ ਉਹ ਸੁਕੀਆਂ ਝਾੜੀਆਂ ਨੂੰ ਖਾਹ ਕੇ। ਸੱਜੇ ਤੇ ਖੱਬੇ ਵਲ ਭੂਰੇ ਰੰਗ ਦੀ ਜ਼ਮੀਨ ਨਜ਼ਰ ਆ ਰਹੀ ਸੀ। ਗਰਮੀ ਕੜਾਕੇਦਾਰ ਸੀ ਅਤੇ ਮੈਂ ਦਰੱਖਤ ਦੇ ਹੇਠਾਂ ਬੈਠ ਗਿਆ। ਚਾਰ ਚੁਫੇਰਿਉ ਹਵਾ ਦੇ ਬੁਲੇ ਆ ਰਹੇ ਸਨ। ਕੁਝ ਦੇਰ ਬਾਦ ਮੈਂ ਊਂਘਦਾ ਹੋਇਆ ਆਪਣਾ ਸਿਰ ਕਾਠੀ ਉਪਰ ਰਖ ਕੇ ਸੌ ਗਿਆ। ਨੀਂਦ ਵਿਚ ਮੈਨੂੰ ਇਕ ਵਚਿਤਰ ਸੁਪਨਾ ਆਇਆ। ਸੁਪਨਾ ਇਸ ਤਰ੍ਹਾਂ ਸੀਃ–

ਮੈਂ ਸਹਾਰਾ ਰੇਗਿਸਤਾਨ (ਦੁਨੀਆਂ ਦਾ ਸਭ ਤੋ ਵਡਾ ਰੇਗਿਸਤਾਨ) ਦੇ ਕਿਨਾਰੇ ਤੇ ਖਲੋਤਾ ਹਾਂ ਅਤੇ ਚਾਰ ਚੁਫੇਰੇ ਰੇਤ ਉਡ ਰਹੀ ਹੈ। ਦੂਰ ਤੋਂ ਮੈਨੂੰ ਦੋ ਅਜੀਬ ਸ਼ਕਲਾਂ ਦਿਸੀਆਂ। ਇਕ ਰੇਤ ਉਤੇ ਡਿਗੀ ਸੀ ਜਿਸ ਦੀ ਗਰਦਨ ਖਿਚੀ ਹੋਈ ਅਤੇ ਦੂਸਰੀ ਸ਼ਕਲ ਉਸਦੇ ਕੋਲ ਖਲੋਤੀ ਸੀ। ਰੇਤ ਉਪਰ ਡਿਗੀ ਸ਼ਕਲ ਨੂੰ ਮੈਂ ਬੜੇ ਗੌਰ ਨਾਲ ਵੇਖਿਆ। ਉਸਦੀ ਧੌਣ ਉਪਰ ਇਕ ਵੱਡਾ ਬੋਝ ਸੀ ਅਤੇ ਬੋਝ ਉਪਰ ਮੋਟੀ ਰੇਤ ਦੀ ਤੈਹ ਸੀ। ਜਾਪਦਾ ਕਿ ਇਹ ਤੈਹ ਇਸ ਉਪਰ ਕਈ ਸਦੀਆਂ ਤੋਂ ਸੀ। ਮੇਰੇ ਨਾਲ ਇਕ ਪੀਲੀ ਪੱਗ ਵਾਲਾ ਆਦਮੀ ਵੀ ਖਲੋਤਾ ਸੀ। ਪੀਲੀ ਪੱਗ ਵਾਲੇ ਆਦਮੀ ਨੂੰ ਮੈਂ ਪੁਛਿਆ, "ਰੇਤ ਉਪਰ ਲੇਟਿਆ ਇਹ ਕੌਣ ਜੀਵ ਹੈ?"




**ਇੰਜ. ਅਮਰੀਕ ਸਿੰਘ**
**1088, ਅਰਬਨ ਅਸਟੇਟ**
**ਫੇਸ-1, ਜਲੰਧਰ**
**ਸਾਬਕਾ ਮੈਂਬਰ**
**ਬੀ.ਬੀ.ਐਮ.ਬੀ.**


ਪੀਲੀ ਪੱਗ ਵਾਲੇ ਨੇ ਕਿਹਾ, ਇਹ ਔਰਤ ਹੈ ਜਿਸ ਦੇ ਪੇਟ ਵਿਚੋਂ ਮਰਦ ਜਨਮ ਲੈਂਦੇ ਹਨ।

ਮੈਂ ਪੁਛਿਆ, ਇਹ ਔਰਤ ਕਿਉਂ ਇਥੇ ਬਗੈਰ ਹਿਲਿਆਂ ਜੁਲਿਆਂ ਪਈ ਹੋਈ ਹੈ ਅਤੇ ਇਸ ਉਪਰ ਅਤੇ ਆਲੇ ਦੁਆਲੇ ਰੇਤ ਦੀਆਂ ਤੈਹਾਂ ਕਿਉਂ ਚੜ੍ਹੀਆਂ ਹਨ?

ਪੀਲੀ ਪੱਗ ਵਾਲਾ ਬੋਲਿਆ, ਸੁਣ, ਮੈਂ ਤੈਨੂੰ ਦਸਦਾ ਹਾਂ! ਬਹੁਤ ਲੰਬੇ ਸਮੇਂ ਤੋਂ ਇਹ ਇਥੇ ਪਈ ਹੋਈ ਹੈ ਅਤੇ ਹਵਾਵਾਂ ਇਸ ਉਪਰ ਚਲਦੀਆਂ ਰਹੀਆਂ ਹਨ। ਕਿਸੇ ਵੀ ਲੰਬੀ ਆਯੂ ਵਾਲੇ ਆਦਮੀ ਨੇ ਇਸ ਨੂੰ ਕਦੀ ਹਿਲਦਿਆਂ ਨਹੀਂ ਦੇਖਿਆ ਹੈ। ਪੁਰਾਣੇ ਸਮੇਂ ਦੀਆਂ ਕਿਤਾਬਾਂ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ ਕਿ ਇਹ ਇਥੇ ਹੀ ਪਈ ਰਹੀ ਹੈ ਅਤੇ ਹੁਣ ਵੀ ਇਥੇ ਹੀ ਹੈ ਆਪਣੇ ਉਪਰ ਰੇਤ ਦੀ ਤੈਹ ਲਈ। ਪਰ ਸੁਣ! ਚਟਾਨਾਂ ਜੋ ਹੁਣ ਢੈਹ ਰਹੀਆਂ ਹਨ ਉਹਨਾਂ ਉਪਰ ਇਸ ਔਰਤ ਦੇ ਪੈਰਾਂ ਦੇ ਨਿਸ਼ਾਨ ਹਨ! ਇਸਦੇ ਪਾਸ ਜੋ ਖਲੋਤਾ ਹੋਇਆ ਆਦਮੀ ਹੈ ਉਸ ਨਾਲ ਇਹ ਔਰਤ ਕਦੀ ਚਟਾਨਾਂ ਉਪਰ ਆਜ਼ਾਦੀ ਨਾਲ ਘੁੰਮਿਆ ਕਰਦੀ ਸੀ।

ਪੀਲੀ ਪੱਗ ਵਾਲੇ ਨੂੰ ਮੈਂ ਪੁਛਿਆ, ਹੁਣ ਇਹ ਇਥੇ ਕਿਉਂ ਪਈ ਹੋਈ ਹੈ?

ਪੀਲੀ ਪੱਗ ਵਾਲੇ ਨੇ ਕਿਹਾ, ਮੈਂ ਸਮਝਦਾ ਹਾਂ ਕਿ ਜਦੋਂ ਇਹ ਔਰਤ ਆਪਣੇ ਛੋਟੇ ਬੱਚੇ ਨੂੰ ਦੁੱਧ ਚੁੰਗਾਣ ਲਈ ਥਲੇ ਝੁਕੀ ਹੋਵੇਗੀ ਤਾਂ ਉਸ ਵੇਲੇ ਇਹ ਡਿਗੀ ਹੋਵੇਗੀ। ਲੋਕ ਕਹਿੰਦੇ ਹਨ ਕਿ ਜਦੋਂ ਦੀ ਅਸੀਂ ਹੋਸ਼ ਸੰਭਾਲੀ ਹੈ ਅਸੀਂ ਇਸ ਔਰਤ ਨੂੰ ਇਸ ਤਰ੍ਹਾਂ ਡਿਗੀ ਹੀ ਦੇਖਿਆ ਹੈ। ਮੈਂ ਉਸ ਔਰਤ ਦੀਆਂ ਅੱਖਾਂ ਵਿਚ ਸਦੀਆਂ ਤੋਂ ਇਕ ਡੂੰਘੀ ਸ਼ਹਿਨਸ਼ੀਲਤਾ ਵੇਖੀ। ਅੱਖਾਂ ਦੇ ਥਲੇ ਵਾਲੀ ਰੇਤ ਉਸਦੇ ਅਥਰੂਆਂ ਨਾਲ ਭਿਜੀ ਹੋਈ ਸੀ ਅਤੇ ਉਸ ਦੀਆਂ ਨਾਸਾਂ ਵਿਚ ਰੇਤ ਸੀ।

ਮੈਂ ਪੁਛਿਆ, ਕੀ ਇਸ ਨੇ ਕਦੀ ਹਿਲਣ ਦੀ ਕੋਸ਼ਿਸ਼ ਕੀਤੀ ਹੈ?

ਪੀਲੀ ਪੱਗ ਵਾਲੇ ਨੇ ਕਿਹਾ, ਕਦੀ ਕਦਾਈ ਕੋਈ ਅੰਗ ਹਿਲਦਾ ਅਤੇ ਕੰਬਦਾ ਹੈ। ਪਰ ਉਹ ਸਿਆਣੀ ਹੈ; ਉਹ ਜਾਣਦੀ ਹੈ ਕਿ ਉਸ ਉਪਰ ਪਏ ਭਾਰ ਸਮੇਤ ਉਹ ਉਠ ਨਹੀਂ ਸਕਦੀ। ਮੈਂ ਪੁਛਿਆ, ਜੋ ਉਸ ਨਾਲ ਖਲੋਤਾ ਹੋਇਆ ਆਦਮੀ ਹੈ ਉਹ ਉਸਨੂੰ ਛਡ ਕੇ ਕਿਉਂ ਨਹੀ ਜਾਂਦਾ? ਪੱਗ ਵਾਲੇ ਨੇ ਕਿਹਾ, ਉਹ ਨਹੀਂ ਜਾ ਸਕਦਾ। ਦੇਖ... ਅਤੇ ਮੈਂ ਵੇਖਿਆ ਕਿ ਉਹ ਦੋਵੇਂ ਇਕ ਰਸੀ ਨਾਲ ਬੰਨੇ ਹੋਏ ਸਨ ਅਤੇ ਪੀਲੀ ਪੱਗ ਵਾਲੇ ਨੇ ਕਿਹਾ, ਉਹ ਔਰਤ ਜਦੋਂ ਤਕ ਉਠ ਨਹੀਂ ਸਕਦੀ ਉਦੋਂ ਤਕ ਔਰਤ ਦੇ ਨਾਲ ਖਲੋਤਾ ਹੋਇਆ ਆਦਮੀ ਇਧਰ ਉਧਰ ਰੇਗਿਸਤਾਨ ਨੂੰ ਵੇਖਦਾ ਰਹਿੰਦਾ ਹੈ।

ਮੈਂ ਪੁਛਿਆ,"ਕੀ ਉਸ ਆਦਮੀ ਨੂੰ ਪਤਾ ਹੈ ਕਿ ਉਹ ਕਿਉਂ ਨਹੀਂ ਉਥੋਂ ਜਾ ਸਕਦਾ?

ਪੀਲੀ ਪੱਗ ਵਾਲੇ ਨੇ ਕਿਹਾ, ਨਹੀਂ"ਅਤੇ ਮੈਂ ਕਿਸੇ ਚੀਜ਼ ਦੇ ਟੁਟਣ ਦੀ ਆਵਾਜ਼ ਸੁਣੀ ਅਤੇ ਦੇਖਿਆ ਕਿ ਜਿਸ ਰਸੀ ਨਾਲ ਔਰਤ ਉਪਰ ਭਾਰ ਬੰਨਿਆ ਸੀ ਉਹ ਟੁਟ ਗਈ ਅਤੇ ਭਾਰ ਜ਼ਮੀਨ ਤੇ ਰਿੜ੍ਹਦਾ ਹੋਇਆ ਔਰਤ ਕੋਲ੍ਹੂੰ ਦੂਰ ਚਲਾ ਗਿਆ ਹੈ।

ਮੈਂ ਪੁਛਿਆ, ਇਹ ਕੀ? ਅਤੇ ਪੀਲੀ ਪੱਗ ਵਾਲੇ ਨੇ ਕਿਹਾ, ਸਦੀਆਂ ਪੁਰਾਣਾਂ ਅਣਦਿਸਦਾ ਬੰਧਨ ਮਰ ਗਿਆ ਹੈ ਅਤੇ ਹੋ ਸਕਦਾ ਹੈ ਉਹ ਔਰਤ ਸ਼ਾਇਦ ਹੁਣ ਉਠ ਪਏ ਅਤੇ ਮੈਂ ਦੇਖਿਆ ਕਿ ਉਹ ਔਰਤ ਅਜੇ ਵੀ ਰੇਤ ਉਪਰ ਪਈ ਹੈ ਅਤੇ ਨਹੀਂ ਹਿਲੀ ਉਥੋਂ। ਪਰ ਉਹਦੀਆਂ ਅੱਖਾਂ ਖੁਲ੍ਹੀਆਂ ਹਨ ਅਤੇ ਉਸ ਨੇ ਗਰਦਨ ਨੂੰ ਖਿਚਿਆ ਹੈ। ਇਉਂ ਲੱਗਦਾ ਸੀ ਕਿ ਰੇਗਿਸਤਾਨ ਦੇ ਦੂਸਰੇ ਕਿਨਾਰੇ ਵਲ ਉਹ ਕੋਈ ਚੀਜ਼ ਦੇਖਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਉਸ ਕੋਲ ਕਦੀ ਨਾ ਆਈ। ਅਤੇ ਮੈਂ ਹੈਰਾਨ ਸਾਂ ਕਿ ਉਹ ਔਰਤ ਜਾਗ ਰਹੀ ਹੈ ਯਾ ਸੁਤੀ ਹੈ। ਅਤੇ ਮੈਂ ਦੇਖਿਆ ਕਿ ਉਸਦਾ ਸਰੀਰ ਹਿਲ ਰਿਹਾ ਹੈ।

ਪੀਲੀ ਪੱਗ ਵਾਲੇ ਨੂੰ ਮੈਂ ਪੁਛਿਆ, ਇਹ ਕੀ?

ਪੀਲੀ ਪੱਗ ਵਾਲਾ ਹੌਲੀ ਬੋਲਿਆ, ਚੁਪ ਕਰ! ਉਸ ਔਰਤ ਨੂੰ ਸ਼ਾਇਦ ਖਿਆਲ ਆ ਰਿਹਾ ਹੈ ਕਿ ਉਹ ਨਹੀਂ ਉਠ ਸਕੇਗੀ ਅਤੇ ਮੈਂ ਵੇਖਦਾ ਰਿਹਾ। ਔਰਤ ਨੇ ਆਪਣਾ ਸਿਰ ਰੇਤ ਤੋਂ ਉਪਰ ਉਠਾਇਆ ਅਤੇ ਉਸ ਦੀ ਧੌਣ ਤੇ ਬੜੇ ਲੰਬੇ ਸਮੇਂ ਤਕ ਲੇਟਣ ਕਰਕੇ ਡੂੰਘ ਪਿਆ ਹੋਇਆ ਮੈਂ ਦੇਖਿਆ। ਔਰਤ ਨੇ ਜ਼ਮੀਨ ਨੂੰ ਦੇਖਿਆ ਅਤੇ ਅਕਾਸ਼ ਵਲ ਵੀ ਦੇਖਿਆ ਅਤੇ ਉਸ ਆਦਮੀ

ਵੱਲ ਵੀ ਜੋ ਉਸ ਦੇ ਕੋਲ ਖਲੋਤਾ ਹੋਇਆ ਸੀ। ਪਰ ਆਦਮੀ ਰੇਗਿਸਤਾਨ ਵਲ ਵੇਖ ਰਿਹਾ ਸੀ।

ਅਤੇ ਮੈਂ ਉਸ ਔਰਤ ਦਾ ਸ਼ਰੀਰ ਕੰਬਦਾ ਵੇਖਿਆ। ਉਸਨੇ ਆਪਣੇ ਗੋਡੇ ਜ਼ਮੀਨ ਤੇ ਲਗਾਏ ਅਤੇ ਉਸਦੀਆਂ ਲੱਤਾਂ ਦੀਆਂ ਨਾੜਾਂ ਵੀ ਉਭਰ ਰਹੀਆਂ ਨਜ਼ਰ ਆਈਆਂ। ਮੈਂ ਚੀਖਿਆ ਕਿ, ਔਰਤ ਹੁਣ ਉਠਣ ਲਗੀ ਹੈ! ਉਸਦੇ ਲਕ ਦੇ ਦੋਂਵੇ ਪਾਸੇ ਸਿਰਫ ਉਠੇ ਹੀ ਪਰ ਫਿਰ ਉਹ ਉਥੇ ਹੀ ਡਿਗ ਪਈ। ਉਸਨੇ ਆਪਣਾ ਸਿਰ ਉਪਰ ਉਠਾਈ ਹੀ ਰਖਿਆ; ਉਸਨੂੰ ਥਲੇ ਨਹੀਂ ਜਾਣ ਦਿਤਾ।

ਪੀਲੀ ਪੱਗ ਵਾਲੇ ਆਦਮੀ ਨੇ ਕਿਹਾ, ਉਹ ਕਮਜ਼ੋਰ ਹੈ। ਦੇਖ ਉਹਦੀਆਂ ਲੱਤਾਂ ਉਸਦੇ ਆਪਣੇ ਭਾਰ ਥਲੇ ਪਈਆਂ ਰਹਿਣ ਕਰਕੇ ਕਿਸ ਤਰ੍ਹਾਂ ਫਿਸ ਚੁਕੀਆਂ ਹਨ।

ਅਤੇ ਮੈਂ ਦੇਖਿਆ ਉਹ ਘੁਲ ਰਹੀ ਹੈ ਉਠਣ ਲਈ ਅਤੇ ਮੁੜਕੇ ਦੇ ਕਤਰੇ ਉਸਦੇ ਸ਼ਰੀਰ ਤੇ ਦਿਸ ਰਹੇ ਸਨ।

ਮੈਂ ਕਿਹਾ, ਜੋ ਉਸ ਦੇ ਨਾਲ ਖਲੋਤਾ ਹੈ ਉਹ ਉਸਦੀ ਜ਼ਰੂਰ ਮਦਦ ਕਰੇਗਾ?

ਮੇਰੇ ਨਾਲ ਪੀਲੀ ਪੱਗ ਵਾਲੇ ਖਲੋਤੇ ਨੇ ਕਿਹਾ, ਉਹ ਉਸ ਦੀ ਮਦਦ ਨਹੀਂ ਕਰ ਸਕਦਾ। ਔਰਤ ਨੂੰ ਖੁਦ ਆਪਣੀ ਮਦਦ ਕਰਨੀ ਹੋਵੇਗੀ।

ਮੈਂ ਕਿਹਾ, ਚਲੋ ਉਹ ਆਦਮੀ ਔਰਤ ਨੂੰ ਆਪ ਉਠਣ ਵਿਚ ਰੁਕਾਵਟ ਤੇ ਨਹੀਂ ਪਾਵੇਗਾ। ਦੇਖੋ ਉਹ ਔਰਤ ਕੋਲੂੰ ਪਰਾਂ ਹੋ ਗਿਆ ਹੈ ਅਤੇ ਦੋਵਾਂ ਨਾਲ ਬੰਨੀ ਰਸੀ ਨੂੰ ਖਿਚ ਰਿਹਾ ਹੈ ਅਤੇ ਇਸ ਨਾਲ ਔਰਤ ਥਲੇ ਡਿਗ ਪਈ ਹੈ ਅਤੇ ਪੀਲੀ ਪੱਗ ਵਾਲੇ ਨੇ ਕਿਹਾ,"ਔਰਤ ਨਾਲ ਖਲੋਤੇ ਬੰਦੇ ਨੂੰ ਸਮਝ ਨਹੀਂ ਆ ਰਹੀ ਹੈ। ਜਦੋਂ ਔਰਤ ਉਠਦੀ ਹੈ ਤਾਂ ਰਸੀ ਦੀ ਖਿਚ ਆਦਮੀ ਨੂੰ ਤਕਲੀਫ ਦਿੰਦੀ ਹੈ ਅਤੇ ਆਦਮੀ ਔਰਤ ਤੋਂ ਪਰਾਂ ਹੋ ਜਾਂਦਾ ਹੈ। ਇਕ ਦਿਨ ਉਹ ਸਮਝ ਜਾਵੇਗਾ ਕਿ ਔਰਤ ਕੀ ਕਰ ਰਹੀ ਹੈ। ਜਿਸ ਦਿਨ ਔਰਤ ਆਪਣੇ ਗੋਡਿਆਂ ਨੂੰ ਇਕਠਾ ਕਰੇਗੀ ਤਾਂ ਉਸ ਵੇਲੇ ਆਦਮੀ ਔਰਤ ਦੇ ਨੇੜੇ ਹੀ ਰਹੇਗਾ ਅਤੇ ਔਰਤ ਦੀਆਂ ਅਖਾਂ ਵਲ ਹਮਦਰਦੀ ਨਾਲ ਵੇਖੇਗਾ। ਔਰਤ ਨੇ ਆਪਣੀ ਧੌਣ ਨੂੰ ਖਿਚਿਆ ਅਤੇ ਮੁੜਕੇ ਦੇ ਕਤਰੇ ਉਸ ਦੇ ਸਰੀਰ ਤੋ ਥਲੇ ਨੂੰ ਡਿਗੇ। ਉਹ ਇਕ ਇੰਚ ਜ਼ਮੀਨ ਤੋ ਉਪਰ ਆਈ ਤੇ ਫਿਰ ਥਲੇ ਡਿਗ ਪਈ। ਅਤੇ ਮੈਂ ਚੀਖਿਆ, ਉਹ ਬਹੁਤ ਕਮਜ਼ੋਰ ਹੈ! ਉਹ ਨਹੀਂ ਉਠ ਸਕਦੀ! ਕਈ ਸਾਲ ਡਿਗੀ ਹੋਣ ਕਰਕੇ ਉਸਦੀ ਸਾਰੀ ਤਾਕਤ ਸਰੀਰ ਵਿਚੋਂ ਗਾਇਬ ਹੋ ਗਈ ਹੈ। ਕੀ ਉਹ ਕਦੀ ਵੀ ਚਲ ਨਹੀਂ ਸਕੇਗੀ? ਅਤੇ ਪੀਲੀ ਪੱਗ ਵਾਲਾ ਬੋਲਿਆ,"ਔਰਤ ਦੀਆਂ ਅੱਖਾਂ ਵਿਚ ਚਮਕ ਦੇਖੋ!"ਅਤੇ ਹੌਲੀ ਹੌਲੀ ਔਰਤ ਨੇ ਆਪਣੇ ਗੋਡੇ ਇਕੱਠੇ ਕਰ ਲਏ।

ਮੈਂ ਸੁਤਾ ਹੋਇਆ ਉਠ ਪਿਆ। ਮੈਨੂੰ ਲਗਾ ਸੁਪਨਾ ਅਧੂਰਾ ਸੀ। ਉਤਰ ਤੋਂ ਪੱਛਮ ਤਕ ਬੰਜਰ ਜ਼ਮੀਨ ਨਜ਼ਰ ਆ ਰਹੀ ਸੀ ਜਿਸ ਉਪਰ ਸੁਕੀਆਂ ਝਾੜੀਆਂ ਹੀ ਸਨ। ਕੀੜੀਆਂ ਲਾਲ ਰੇਤ ਉਪਰ ਚਲ ਫਿਰ ਰਹੀਆਂ ਸਨ ਅਤੇ ਕੜਾਕੇਦਾਰ ਗਰਮੀ ਪੈ ਰਹੀ ਸੀ। ਮੈਂ ਛੂਈ ਮੂਈ ਪੇੜ ਦੀਆਂ ਟਹਿਣੀਆਂ ਵਿਚੋਂ ਉਪਰ ਨੀਲੇ ਆਕਾਸ਼ ਵਲ ਦੇਖਿਆ। ਮੈਂ ਆਪਣੇ ਸਰੀਰ ਦੇ ਅੰਗਾਂ ਨੂੰ ਅੰਗੜਾਇਆ ਅਤੇ ਆਪਣੇ ਇਸ ਸੁਪਨੇ ਬਾਰੇ ਵਿਚਾਰ ਵਿਚ ਪੈ ਗਿਆ¢ਮੈਂ ਸੋਚਿਆ ਕਿ ਔਰਤ ਬੱਚਿਆਂ ਨੂੰ ਜਨਮਦੀ ਹੈ, ਬੱਚਿਆਂ ਨੂੰ ਪਾਲਦੀ ਹੈ, ਘਰ ਦਾ ਕੰਮ ਵੀ ਕਰਦੀ ਹੈ ਅਤੇ ਇਸ ਦੇ ਬਾਵਜੂਦ ਬਹੁਤ ਸਾਰੇ ਮਰਦ ਉਸ ਨੂੰ ਮਾਰਦੇ ਵੀ ਹਨ ਖਾਸ ਕਰਕੇ ਗਰੀਬ ਮੁਲਖਾਂ ਅਤੇ ਅਰਬ ਦੇਸ਼ਾਂ ਵਿਚ। ਅਰਬ ਦੇਸ਼ਾਂ ਵਿਚ ਤਾਂ ਉਹ ਬੁਰਕੇ ਦੀ ਖੋਲ ਵਿਚ ਹੀ ਜ਼ਿੰਦਗੀ ਗੁਜਾਰ ਦਿੰਦੀ ਹੈ। ਉਸ ਨੂੰ ਆਜ਼ਾਦੀ ਕਿਥੇ। ਉਹ ਔਰਤ ਨੂੰ ਪੈਰ ਦੀ ਜੁਤੀ ਸਮਝਦੇ ਹਨ। ਆਦਮੀ ਨੂੰ ਤੇ ਚਾਹੀਦਾ ਹੈ ਕਿ ਔਰਤ ਨੂੰ ਖੁਸ਼ ਰਖੇ ਅਤੇ ਇਜ਼ਤ ਨਾਲ ਪੇਸ਼ ਆਏ। ਪਰ ਆਦਮੀ ਤਾਂ ਔਰਤ ਵਲੋਂ ਬੇਪ੍ਰਵਾਹ ਹੈ। ਇਸ ਤੋਂ ਵਡੀ ਅਗਿਆਣਤਾ ਭਲਾ ਕੀ ਹੋ ਸਕਦੀ ਹੈ? ਜਦੋਂ ਵੀ ਮੈਂ ਕੁਝ ਡੂੰਘਾ ਸੋਚਦਾ ਹਾਂ ਤਾਂ ਮੈਨੂੰ ਨੀਂਦ ਆ ਜਾਂਦੀ ਹੈ। ਮੈਂ ਫਿਰ ਆਪਣਾ ਸਿਰ ਕਾਠੀ ਤੇ ਰਖ ਕੇ ਸੌਂ ਗਿਆ ਅਤੇ ਜ਼ੋਰਾਂ ਦੀ ਗਰਮੀ ਵਿਚ ਮੈਨੂੰ ਇਕ ਹੋਰ ਸੁਪਨਾ ਆਇਆ। ਸੁਪਨਾ ਇਸ ਤਰ੍ਹਾਂ ਸੀ:

ਮੈਂ ਇਕ ਹੋਰ ਰੇਗਿਸਤਾਨ ਦੇਖਿਆ ਅਤੇ ਉਸ ਰੇਗਿਸਤਾਨ ਵਿਚੋਂ ਮੈ ਇਕ ਔਰਤ (ਪਹਿਲੇ ਸੁਪਨੇ ਵਿਚ ਆਈ ਔਰਤ ਨਹੀਂ, ਇਹ ਕੋਈ ਹੋਰ ਔਰਤ ਹੈ) ਨੂੰ ਬਾਹਰ ਆਉਂਦਿਆਂ ਦੇਖਿਆ। ਉਹ ਔਰਤ ਇਕ ਕਾਲੇ ਦਰਿਆ ਦੇ ਕੰਢੇ ਉਪਰ ਆ ਗਈ। ਦਰਿਆ ਦੇ ਕੰਢੇ ਤੋਂ ਥਲੇ ਵਲ ਸਿਧੀ ਅਤੇ ਡੂੰਘੀ ਢਲਾਣ ਸੀ। (ਅਫਰੀਕਾ ਦੇ ਦਰਿਆਵਾਂ ਦੇ ਕੰਢੇ ਕਈ ਵਾਰੀ ਦਰਿਆ ਦੇ ਥੱਲੇ ਤੋ ਸੌ ਫੁਟ ਉਚੇ ਹੁੰਦੇ ਹਨ। ਥਲੇ ਰੇਤ ਦੇ ਵੱਡੇ-ਵੱਡੇ ਢਿਗ ਪਏ ਹੁੰਦੇ ਹਨ ਅਤੇ ਦਰਿਆਵਾਂ ਦੇ ਵਹਿਣ ਦੇ ਰਸਤੇ ਬਦਲ ਜਾਂਦੇ ਹਨ) ਉਸ ਔਰਤ ਨੂੰ ਇਕ ਆਦਮੀ ਮਿਲਿਆ ਜਿਸਦੀ ਚਿਟੀ ਲੰਬੀ ਦਾਹੜੀ, ਉਹਦੇ ਹਥ ਵਿਚ ਸੋਟੀ ਸੀ ਜਿਸ ਉਪਰ 'ਗਿਆਨ' ਸ਼ਬਦ ਲਿਖਿਆ ਸੀ ਆਦਮੀ ਨੂੰ ਲੋਕ 'ਬੋਧ' ਵੀ ਕਹਿੰਦੇ ਸਨ ਅਤੇ ਆਦਮੀ ਨੇ ਔਰਤ ਨੂੰ ਪੁਛਿਆ, ਤੈਨੂੰ ਕੀ ਚਾਹੀਦਾ ਹੈ? ਔਰਤ ਨੇ ਕਿਹਾ, ਮੈਂ ਇਕ ਔਰਤ ਹਾਂ ਅਤੇ ਮੈਂ ਆਜ਼ਾਦ ਧਰਤੀ ਲੱਭ ਰਹੀ ਹਾਂ।

ਬੋਧ ਨੇ ਕਿਹਾ, ਇਹ ਧਰਤੀ ਤੇਰੇ ਸਾਹਮਣੇ ਹੈ ਅਤੇ ਔਰਤ ਨੇ ਕਿਹਾ, ਮੈਂ ਸਾਹਮਣੇ ਤਾਂ ਸਿਰਫ ਉਚੇ ਕੰਢਿਆਂ ਵਾਲਾ ਟੇਡਾ ਮੇਡਾ ਇਕ ਕਾਲਾ ਦਰਿਆ ਵਗਦਾ ਦੇਖ ਰਹੀ ਹਾਂ ਜਿਸਦੇ ਵਿਚ ਬਹੁਤ ਰੇਤ ਪਈ ਹੈ ਪਰ ਆਜ਼ਾਦ ਧਰਤੀ ਤੇ ਇਥੇ ਕੋਈ ਨਹੀਂ ਹੈ।

ਬੋਧ ਨੇ ਕਿਹਾ, ਇਸ ਕਾਲੇ ਦਰਿਆ ਦੇ ਪਿਛੇ?

ਔਰਤ ਨੇ ਕਿਹਾ, ਮੈਨੂੰ ਤੇ ਦਖਾਈ ਨਹੀਂ ਦਿੰਦੀ ਹੈ ਹਾਂ, ਜਦੋਂ ਮੈਂ ਅੱਖਾਂ ਉਪਰ ਹੱਥ ਨਾਲ ਛਾਂ ਕਰਦੀ ਹੋਈ ਦਰਿਆ ਦੇ ਕਿਨਾਰੇ ਤੋਂ ਦੂਰ ਦੇਖਦੀ ਹਾਂ ਤਾਂ ਮੈਨੂੰ ਨਜ਼ਰ ਆਉਂਦੇ ਹਨ ਉਥੇ ਦਰੱਖਤ ਅਤੇ ਪਹਾੜੀਆਂ ਅਤੇ ਉਹਨਾਂ ਉਪਰ ਚਮਕਦੀ ਧੁਪ ਪੈ ਰਹੀ ਹੈ।

ਬੋਧ ਨੇ ਕਿਹਾ, ਉਹ ਹੀ ਹੈ ਆਜ਼ਾਦ ਧਰਤੀ।

ਔਰਤ ਨੇ ਕਿਹਾ, ਮੈਂ ਉਥੇ ਕਿਸ ਤਰ੍ਹਾਂ ਪਹੁੰਚ ਸਕਦੀ ਹਾਂ?

ਬੋਧ ਨੇ ਕਿਹਾ, ਸਿਰਫ ਇਕ ਤੇ ਇਕ ਹੀ ਰਸਤਾ ਹੈ ਅਤੇ ਉਹ ਹੈ ਮੁਸ਼ਕਤ ਦੇ ਕੰਢਿਆਂ ਤੋਂ ਹੇਠਾਂ ਉਤਰਨਾ ਅਤੇ ਪੀੜਾ ਦੇ ਪਾਣੀ ਵਿਚੋਂ ਲੰਘ ਕੇ ਉਥੇ ਅਪੜਿਆ ਜਾਂਦਾ ਹੈ।

ਔਰਤ ਨੇ ਕਿਹਾ, ਕੋਈ ਪੁਲ ਨਹੀਂ ਹੈ?

ਬੋਧ ਨੇ ਕਿਹਾ, ਨਾਂ ਔਰਤ ਨੇ ਕਿਹਾ,"ਪਾਣੀ ਕਿੰਨਾ ਡੂੰਘਾ ਹੈ?

ਬੋਧ ਨੇ ਕਿਹਾ, ਡੂੰਘਾ ਹੈ।

ਔਰਤ ਨੇ ਕਿਹਾ, ਕੀ ਦਰਿਆ ਦਾ ਥਲਾ ਟੁਟਿਆ ਹੋਇਆ ਹੈ?

ਬੋਧ ਨੇ ਕਿਹਾ, ਹਾਂ। ਜੇ ਤੇਰਾ ਪੈਰ ਤਿਲਕ ਗਿਆ ਤਾਂ ਫਿਰ ਮੌਤ।

ਔਰਤ ਨੇ ਕਿਹਾ, ਕੀ ਕਿਸੇ ਨੇ ਇਸ ਨੂੰ ਪਾਰ ਕੀਤਾ ਹੈ ਕਦੇ?

ਬੋਧ ਨੇ ਕਿਹਾ, ਕਈਆਂ ਨੇ ਕੋਸ਼ਿਸ਼ ਕੀਤੀ ਹੈ!

ਔਰਤ ਨੇ ਕਿਹਾ, ਕੀ ਕੋਈ ਰਾਹ ਹੈ ਜਿਸ ਤੇ ਚਲ ਕੇ ਪਤਾ ਲਗ ਜਾਵੇ

ਕਿ ਕਿਹੜੀ ਥਾਂ ਠੀਕ ਹੈ ਦਰਿਆ ਨੂੰ ਪਾਰ ਕਰਨ ਲਈ?

ਬੋਧ ਨੇ ਕਿਹਾ,"ਆਪੇ ਅੰਦਾਜਾ ਲਾਣਾ ਪੈਂਦਾ ਹੈ।

ਔਰਤ ਨੇ ਅੱਖਾਂ ਉਪਰ ਹਥੇਲੀ ਨਾਲ ਛਾਂ ਕਰਦਿਆਂ ਕਿਹਾ,"ਮੈਂ ਜਾਵਾਂਗੀ।

ਬੋਧ ਨੇ ਕਿਹਾ,"ਤੈਨੂੰ ਇਹ ਰੇਗਿਸਤਾਨ ਵਾਲੇ ਕੱਪੜੇ ਪਾਏ ਲਾਹਣੇ ਹੋਣਗੇ ਕਿਉਂਕਿ ਜੋ ਕੱਪੜੇ ਪਾ ਕੇ ਗਏ ਉਹ ਬਹੁਤ ਜਲਦੀ ਡੁਬ ਗਏ ਅਤੇ ਉਸ ਨੇ ਖੁਸ਼ੀ ਨਾਲ ਕੱਪੜੇ ਉਤਾਰ ਦਿਤੇ¢ਫਿਰ ਉਸਨੇ ਕਮਰ ਪੇਟੀ ਨੂੰ ਤੋਂ ਉਤਾਰਨ ਲਈ ਹੱਥ ਪਾਇਆ ਜੋ ਉਸਨੂੰ ਬੜੀ ਪਿਆਰੀ ਸੀ। ਪਰ ਬੋਧ ਨੇ ਕਿਹਾ,"ਨਹੀਂ! ਤੂੰ ਇਸ ਕਮਰ ਪੇਟੀ ਨੂੰ ਪਹਿਨੀ ਰਖ¢ਇਸ ਵਿਚ ਹਵਾ ਭਰੀ ਰਹੇਗੀ ਜੋ ਤੈਨੂੰ ਤਰਨ ਵਿਚ ਮਦਦ ਕਰੇਗੀ।

ਬੋਧ ਨੇ ਕਿਹਾ,"ਜੁਤੇ ਜਿੰਨਾ ਤੇ ਤੇਰੇ ਪੈਰ ਨਿਰਭਰ ਹਨ ਉਹਨਾਂ ਨੂੰ ਉਤਾਰ ਦੇ। ਔਰਤ ਨੇ ਉਤਾਰ ਦਿਤੇ¢ਅਤੇ ਔਰਤ ਨੇ ਕਿਹਾ,"ਮੈਂ ਤਿਆਰ ਹਾਂ, ਮੈਨੂੰ ਜਾਣ ਦਿਉ।

ਬੋਧ ਨੇ ਕਿਹਾ,"ਨਹੀਂ....ਰੁਕ ਜਾ; ਤੇਰੀ ਛਾਤੀ ਵਿਚ ਕੀ ਹੈ?

ਉਹ ਚੁਪ ਸੀ।

ਬੋਧ ਨੇ ਕਿਹਾ,"ਇਸ ਨੂੰ ਖੋਲ ਤਾਂ ਕਿ ਮੈਂ ਦੇਖਾਂ।

ਉਹ ਚੁਪ ਸੀ।

ਮੈਂ ਦੇਖਿਆ ਕਿ ਉਸਦੀ ਛਾਤੀ ਤੇ ਸਚਾਈ ਸ਼ਬਦ ਲਿਖਆ ਹੋਇਆ ਸੀ ਅਤੇ ਉਹ ਚਿਟਾ ਸੀ; ਇਸ ਤੇ ਧੁਪ ਕਦੀ ਨਹੀਂ ਸੀ ਪਈ ਕਿਉਂਕਿ ਕੱਪੜਿਆ ਵਿਚ ਢਕਿਆ ਰਹਿੰਦਾ ਸੀ ਅਤੇ ਉਸਨੇ ਛਾਤੀ ਖੋਲੀ¢ਅਤੇ ਉਸਦੀ ਛਾਤੀ ਨਾਲ ਲਗਾ ਇਕ ਛੋਟਾ ਬੱਚਾ ਕੱਪੜਿਆਂ ਵਿਚ ਲਪੇਟਿਆ ਹੋਇਆ ਸੀ ਅਤੇ ਔਰਤ ਨੇ ਆਪਣਾ ਮਥਾ ਉਸ ਚੂੰਗਣ ਵਾਲੇ ਦੇ ਨਾਲ ਲਾ ਦਿਤਾ ਅਤੇ ਚੂੰਗਣ ਵਾਲੇ ਦੇ ਗੋਡੇ ਉਸ ਦੇ ਪੇਟ ਨਾਲ ਲਗ ਗਏ ਅਤੇ ਔਰਤ ਨੇ ਚੂੰਗਣ ਵਾਲੇ ਨੂੰ ਆਪਣੇ ਹਥਾਂ ਨਾਲ ਘੁਟ ਕੇ ਛਾਤੀ ਨਾਲ ਲਗਾਈ ਰਖਿਆ ਅਤੇ ਬੋਧ ਬੋਲਿਆ,"ਇਹ ਕੌਣ ਹੈ ਅਤੇ ਇਥੇ ਇਹ ਕੀ ਕਰ ਰਿਹਾ ਹੈ?

ਔਰਤ ਨੇ ਲਪੇਟੇ ਹੋਏ ਕਪੜੇ ਖੋਲੇ ਅਤੇ ਹਿੰਮਤ ਭਰੀ ਆਵਾਜ਼ ਵਿਚ ਬੋਲੀ ਕਿ, ਇਹ ਮੇਰਾ ਬੱਚਾ ਹੈ¢ਇਸਦੇ ਛੋਟੇ ਹਥ ਦੇਖੋ.....

ਅਤੇ ਬੋਧ ਬੋਲਿਆ,"ਇਸਨੂੰ ਥਲੇ ਰਖਦੇ।

ਔਰਤ ਨੇ ਕਿਹਾ, ਇਹ ਸੁਤਾ ਹੋਇਆ ਹੈ ਅਤੇ ਮੇਰਾ ਦੁਧ ਪੀ ਰਿਹਾ ਹੈ! ਮੈਂ ਇਸਨੂੰ ਵੀ ਆਜ਼ਾਦ ਧਰਤੀ ਵਿਚ ਲੈ ਜਾਵਾਂਗੀ¢ਇਹ ਬਚਾ ਹੈ ਬੜੀ ਦੇਰ ਤੋਂ, ਬੜੀ ਦੇਰ ਤੋਂ ਹੀ ਮੈਂ ਇਸਨੂੰ ਪਕੜਿਆ ਹੋਇਆ ਹੈ।

ਆਜ਼ਾਦ ਧਰਤੀ ਵਿਚ ਇਹ ਆਦਮੀ ਬਣ ਜਾਵੇਗਾ¢ਅਸੀਂ ਉਥੇ ਇਕੱਠੇ ਚਲਿਆ ਕਰਾਂਗੇ ਅਤੇ ਜਦੋਂ ਮੈਂ ਬੁਢੀ ਹੋ ਗਈ ਤਾਂ ਇਹ ਮੇਰੀ ਹਰ ਤਰ੍ਹਾਂ ਨਾਲ ਰਖਿਆ ਕਰੇਗਾ। ਇਸ ਨੇ ਰੇਗਿਸਤਾਨ ਵਿਚ ਮੈਨੂੰ ਸਿਰਫ ਇਕ ਹੀ ਲਫਜ਼ ਮੁਸ਼ਕਿਲ ਨਾਲ ਕਿਹਾ ਹੈ--'ਮਾਂ' ਅਤੇ ਮੈਨੂੰ ਪੂਰੀ ਅਮੀਦ ਹੈ ਕਿ ਇਹ ਆਜ਼ਾਦ ਧਰਤੀ ਵਿਚ ਜਾ ਕੇ ਬੋਲੇਗਾ ਅਤੇ ਸਮਝ ਵੀ ਜਾਵੇਗਾ।

ਪਰ ਬੋਧ ਬੋਲਿਆ,"ਇਸਨੂੰ ਥਲੇ ਰਖ ਦੇ।

ਔਰਤ ਨੇ ਕਿਹਾ, ਮੈਂ ਇਸ ਨੂੰ ਲੈ ਜਾਵਾਂਗੀ ਇਕ ਹਥ ਨਾਲ ਅਤੇ ਦੂਸਰੇ ਹਥ ਨਾਲ ਮੈਂ ਪਾਣੀ ਨਾਲ ਘੁਲਦੀ ਤੈਰਦੀ ਰਹਾਂਗੀ।

ਬੋਧ ਨੇ ਕਿਹਾ,"ਇਸ ਨੂੰ ਥਲੇ ਜ਼ਮੀਨ ਤੇ ਰਖਦੇ¢ਜਦੋਂ ਤੂੰ ਪਾਣੀ ਵਿਚ ਹੋਵੇਗੀ ਤੂੰ ਪਾਣੀ ਨਾਲ ਘੁਲ ਨਾ ਭੁਲ ਜਾਵੇਗੀ ਕਿਉਂਕਿ ਤੂੰ ਇਸਦੇ ਬਾਰੇ ਹੀ ਸਦਾ ਸੋਚੇਗੀ¢ਇਸਨੂੰ ਥਲੇ ਰਖਦੇ।

ਬੋਧ ਬੋਲਦਾ ਗਿਆ ਅਤੇ ਉਸ ਨੇ ਕਿਹਾ,"ਕੀ ਤੂੰ ਆਜ਼ਾਦ ਧਰਤੀ ਤੇ ਨਹੀਂ ਸੀ ਜਾਣਾ ਚਾਹੁੰਦੀ? ਜੇ ਜਾਣਾ ਚਾਹੁੰਦੀ ਹੈ ਤਾਂ ਤੈਨੂੰ ਬਚਾ ਇਥੇ ਛਡਣਾ ਹੋਵੇਗਾ। ਇਹ ਮਰੇਗਾ ਨਹੀ। ਜਦੋ ਇਸ ਨੂੰ ਪਤਾ ਲਗੇਗਾ ਕਿ ਤੂੰ ਇਸ ਨੂੰ ਇਕੱਲਾ ਛਡ ਗਈ ਹੈਂ ਤਾਂ ਇਹ ਆਪਣੇ ਹਥ, ਪੈਰ ਅਤੇ ਸਾਰੇ ਅੰਗ ਖੋਲ ਕਿ ਦੌੜ ਪਵੇਗਾ। ਇਹ ਵੀ ਆਜ਼ਾਦ ਧਰਤੀ ਵਿਚ ਪਹੁੰਚ ਜਾਵੇਗਾ। ਜੋ ਵੀ ਆਜ਼ਾਦ ਧਰਤੀ ਵਿਚ ਪਹੁੰਚਦੇ ਹਨ ਤਾਂ ਉਹ ਦੇਖਦੇ ਹਨ ਕਿ ਸਭ ਤੋਂ ਪਹਿਲਾਂ ਜੋ ਉਹਨਾਂ ਦੀ ਮਦਦ ਕਰਦਾ ਹੈ ਉਹ 'ਪਿਆਰ' ਦਾ ਹੱਥ ਹੁੰਦਾ ਹੈ। ਉਦੋਂ ਇਹ ਬੱਚਾ ਵੱਡਾ ਹੋ ਜਾਵੇਗਾ ਇਸ ਦਾ ਹੀ ਹੱਥ ਤੈਨੂੰ ਪਿਆਰ ਨਾਲ ਛੂਹੇਗਾ ਆਜ਼ਾਦ ਧਰਤੀ ਤੇ। ਯਕੀਨ ਕਰ ਮੇਰੇ ਤੇ। ਤੇਰੀ ਛਾਤੀ ਨਾਲ ਲਗਿਆ ਇਹ ਵਧ ਫੁਲ ਨਹੀਂ ਸਕਦਾ, ਇਸ ਨੂੰ ਥਲੇ ਰੱਖ ਦੇ ਤਾਂ ਕਿ ਇਹ ਵਧ ਫੁਲ ਸਕੇ।

ਔਰਤ ਨੇ ਉਸਦੇ ਮੂੰਹ ਵਿਚੋ ਆਪਣੀ ਛਾਤੀ ਛੁਡਾ ਲਈ ਪਰ ਬਚੇ ਨੇ ਚੱਕ ਮਾਰ ਕੇ ਖੂਨ ਕੱਢ ਦਿੱਤਾ ਜੋ ਥਲੇ ਜ਼ਮੀਨ ਤੇ ਡਿਗਿਆ। ਔਰਤ ਨੇ ਬਚੇ ਨੂੰ ਜ਼ਮੀਨ ਤੇ ਰਖ ਦਿੱਤਾ ਅਤੇ ਛਾਤੀ ਦਾ ਜ਼ਖਮ ਢੱਕ ਲਿਆ। ਔਰਤ ਨੇ ਥਲੇ ਝੁਕ ਕੇ ਉਸ ਨੂੰ ਪਿਆਰ ਨਾਲ ਹਲਕਾ ਜਿਹਾ ਉਸ ਦੇ ਮੂੰਹ ਤੇ ਥੱਪੜ ਮਾਰਿਆ। ਅਤੇ ਮੈਂ ਦੇਖਿਆ ਔਰਤ ਬੜੀ ਉਦਾਸ ਸੀ ਅਤੇ ਲਗਦਾ ਸੀ ਕਿ ਉਸ ਦੇ ਮਥੇ ਦੇ ਵਾਲ ਚਿਟੇ ਹੋ ਗਏ ਅਤੇ ਔਰਤ ਜਵਾਨੀ ਤੋ ਵਡੀ ਉਮਰ ਵਾਲੀ ਹੋ ਗਈ ਸੀ।

ਔਰਤ ਦਰਿਆ ਦੇ ਕੰਢੇ ਤੇ ਖਲੋਤੀ ਸੀ ਅਤੇ ਉਸ ਨੇ ਕਿਹਾ, ਮੈਂ ਇਕੱਲੀ ਹਾਂ! ਮੈਂ ਸਿਰਫ ਇਕੱਲੀ ਹੀ ਹਾਂ। ਮੈਂ ਉਸ ਦੂਰ ਵਾਲੀ ਧਰਤੀ ਤੇ ਕਿਉਂ ਅਤੇ ਕਾਹਦੇ ਲਈ ਜਾਵਾਂ ਜਿਥੇ ਕੋਈ ਵੀ ਕਦੀ ਨਹੀਂ ਪਹੁੰਚਿਆ।

ਬੋਧ ਨੇ ਕਿਹਾ,"ਇਸ ਸੋਟੀ ਨੂੰ ਪਕੀ ਤਰ੍ਹਾਂ ਪਕੜ ਲੈ¢ਜਿਸ ਦਿਨ ਇਹ ਤੇਰੇ ਹੱਥੋਂ ਤਿਲਕ ਗਈ ਤੂੰ ਰਸਤਾ ਭੁਲ ਜਾਵੇਂਗੀ।

ਔਰਤ ਕੁਝ ਕਹਿਣ ਲਗੀ ਪਰ ਬੋਧ ਬੋਲਿਆ, ਚੁਪ; ਤੂੰ ਕੀ ਸੁਣ ਰਹੀ ਹੈਂ?

ਔਰਤ ਨੇ ਬੜੇ ਧਿਆਨ ਨਾਲ ਸੁਣਿਆ? ਤੇ ਬੋਲੀ,"ਮੈਂ ਸੁਣ ਰਹੀ ਹਾਂ ਹਜ਼ਾਰਾਂ ਬਲਕਿ ਲੱਖਾਂ ਪੈਰਾਂ ਦੀ ਅਵਾਜ਼ ਜੋ ਇਧਰ ਆ ਰਹੇ ਹਨ।

ਬੋਧ ਨੇ ਕਿਹਾ, ਇਹ ਉਹਨਾਂ ਪੈਰਾਂ ਦੀ ਆਵਾਜ਼ ਹੈ ਜੋ ਤੇਰੇ ਦਰਿਆ ਪਾਰ ਕਰਨ ਦੀ ਕੋਸ਼ਿਸ਼ ਕਰਨ। ਤੇਰੇ ਬਾਦ ਕਈ ਦਰਿਆ ਪਾਰ ਕਰਨ ਦੀ ਕੋਸ਼ਿਸ਼ ਕਰਨਗੇ। ਜਾਅ ਅਤੇ ਦਰਿਆ ਵਿਚ ਉਹਨਾਂ ਵਾਸਤੇ ਰਸਤਾ ਬਣਾ। ਭਾਵੇਂ ਤੂੰ ਡੁਬ ਵੀ ਜਾਵੇ ਫਿਰ ਵੀ ਤੇਰੇ ਜਾਣ ਨਾਲ ਦਰਿਆ ਉਪਰ ਲੀਕ ਤੇ ਪੈ ਜਾਵੇਗੀ। ਉਸ ਲੀਕ ਦੀ ਮਦਦ ਨਾਲ ਕਈ ਲੋਕ ਦਰਿਆ ਪਾਰ ਕਰਨ ਦੀ ਕੋਸ਼ਿਸ਼ ਕਰਨਗੇ; ਬਹੁਤ ਸਾਰੇ ਡੁਬਣਗੇ ਪਰ ਹਰ ਡੁਬਣ ਵਾਲਾ ਲਕੀਰ ਨੂੰ ਅਗੇ ਲੰਬਾ ਕਰਦਾ ਜਾਵੇਗਾ ਅਤੇ ਆਖਰ ਵਿਚ ਕੁਝ ਲੋਕ ਦਰਿਆ ਪਾਰ ਕਰ ਜਾਣਗੇ। ਤੂੰ ਨਹੀਂ ਜਾਣਦੀ ਹੈਂ ਕਿ ਕਿਸ ਤਰ੍ਹਾਂ ਟਿਡੀ ਦਲ ਦਰਿਆ ਨੂੰ ਪਾਰ ਕਰਦੇ ਹਨ, ਕੀ ਤੂੰ ਦੇਖਿਆ ਹੈ? ਪਹਿਲੀ ਟਿਡੀ ਦਰਿਆ ਉਪਰ ਛੋਟੀ ਕੂ ਲੀਕ ਬਣਾ ਕੇ ਡੁਬ ਜਾਂਦੀ ਹੈ, ਫਿਰ ਇਕ ਹੋਰ ਅਤੇ ਫਿਰ ਇਕ ਹੋਰ ਅਤੇ ਫਿਰ ਇਕ ਹੋਰ ਅਤੇ ਸਭ ਡੁਬ ਜਾਂਦੀਆਂ ਹਨ ਪਰ ਉਹਨਾਂ ਦੇ ਮਰੇ ਸਰੀਰਾਂ ਨਾਲ ਪੁਲ ਬਣ ਜਾਂਦਾ ਹੈ ਅਤੇ ਬਾਕੀ ਦਾ ਟਿਡੀ ਦਲ ਪੁਲ ਉਪਰੋਂ ਦਰਿਆ ਪਾਰ ਕਰ ਜਾਂਦਾ ਹੈ।

ਔਰਤ ਬੋਲੀ, ਸਭ ਤੋ ਪਹਿਲੀ ਟਿਡੀ ਜੋ ਡੁਬ ਜਾਂਦੀ ਹੈ ਉਸ ਬਾਰੇ ਤੇ

ਕੋਈ ਜਾਣਦਾ ਹੀ ਨਹੀਂ।ਉਹ ਤਾਂ ਰੁੜ ਹੀ ਜਾਂਦੀ ਹੈ, ਪੁਲ ਬਣਾਉਣ ਵਿਚ ਉਹਦਾ ਤਾਂ ਕੋਈ ਯੋਗਦਾਨ ਹੀ ਨਹੀਂ ਹੈ। ਇਹ ਕਿਉਂ?

**ਬੋਧ** : ਲਕੀਰ ਦੀ ਸ਼ੁਰੂਆਤ ਤੇ ਕਰ ਗਈ ਉਹ ਟਿਡੀ। ਕੀ ਇਹ ਘਟ ਹੈ?

**ਔਰਤ** : ਬਾਕੀ ਦਾ ਟਿਡੀ ਦਲ ਪਾਰ ਕਰ ਗਿਆ ਤਾਂ ਕੀ? ਪੁਲ ਦੀ ਬਾਦ ਵਿਚ ਕੀ ਵਰਤੋਂ; ਪੁਲ ਫਿਰ ਕਿਸ ਦੇ ਕੰਮ?

**ਬੋਧ** : ਉਸ ਪੁਲ ਨੂੰ ਸਾਰੀ ਇਨਸਾਨ ਜਾਤੀ ਵਰਤੇਗੀ।

ਔਰਤ ਨੇ ਉਹ ਸੋਟੀ ਫੜ ਲਈ ਅਤੇ ਮੈਂ ਦੇਖਿਆ ਉਸ ਔਰਤ ਨੂੰ ਕਾਲੇ ਦਰਿਆ ਵਾਲੇ ਰਸਤੇ ਤੇ ਜਾਂਦੀ ਹੋਈ ਨੂੰ।

ਫਿਰ ਮੈ ਨੀਂਦ ਤੋ ਜਾਗ ਪਿਆ। ਦਿਨ ਡੁੱਬਣ ਦੀ ਪੀਲੀ ਲੋਅ ਆ ਰਹੀ ਸੀ। ਡੁਬਦੇ ਸੂਰਜ ਦੀਆਂ ਕਿਰਨਾਂ ਝਾੜੀਆਂ ਨੂੰ ਸੋਨੇ ਰੰਗਾ ਬਣਾ ਗਈਆਂ ਅਤੇ ਘੋੜਾ ਚੁਪ-ਚਾਪ ਘਾਹ ਖਾ ਰਿਹਾ ਸੀ। ਮੈਂ ਆਪਣਾ ਪਾਸਾ ਦੂਜੀ ਤਰਫ ਪਰਤਿਆ ਅਤੇ ਦੇਖਿਆ ਕਿ ਹਜ਼ਾਰਾਂ ਕੀੜੀਆਂ ਲਾਲ ਰੇਤ ਉਪਰ ਚਲ ਰਹੀਆਂ ਸਨ। ਮੈਂ ਸੋਚਿਆ ਕਿ ਮੌਸਮ ਹੁਣ ਠੰਡਾ ਹੋ ਗਿਆ ਹੈ ਅਤੇ ਮੇਰੇ ਲਈ ਅਗੇ ਚਲਣ ਲਈ ਠੀਕ ਹੈ। ਮੈਂ ਸੁਸਤੀ ਨਾਲ ਭਰਿਆ ਹੋਇਆ ਸੀ ਅਤੇ ਆਪਣਾ ਸਿਰ ਫਿਰ ਕਾਠੀ ਤੇ ਰਖਿਆ ਅਤੇ ਮੈਂ ਫਿਰ ਸੌਂ ਗਿਆ।

ਅਤੇ ਫਿਰ ਮੈਨੂੰ ਨੀਂਦ ਵਿਚ ਹੋਰ ਸੁਪਨਾ ਆਇਆ।

ਸੁਪਨੇ ਵਿਚ ਮੈਂ ਨਵੀਂ ਆਜ਼ਾਦ ਧਰਤੀ ਦੇਖੀ। ਦੇਖਿਆ ਕਿ ਪਹਾੜੀਆਂ ਉਪਰ ਬਹਾਦਰ ਔਰਤਾਂ ਅਤੇ ਬਹਾਦਰ ਆਦਮੀ ਹੱਥਾਂ ਵਿਚ ਹੱਥ ਪਾਈ ਚਲ ਰਹੇ ਹਨ। ਉਹ ਇਕ ਦੂਜੇ ਦੀਆਂ ਅੱਖਾਂ ਵਿਚ ਤਕਦੇ ਅਤੇ ਉਹ ਸਾਰੇ ਬੇਖੌਫ ਖੁਸ਼ੀ ਨਾਲ ਟਹਿਲ ਰਹੇ ਹਨ।

ਅਤੇ ਮੈਂ ਔਰਤਾਂ ਨੂੰ ਵੀ ਇਕ ਦੂਸਰੇ ਦੇ ਹਥ ਫੜੀ ਦੇਖਿਆ। ਮੈਂ ਉਥੇ ਖੜਾ ਦੇਖ ਸਕਦਾ ਸੀ ਹਰੇ-ਭਰੇ ਬਾਗ਼ਾਂ ਦੀ ਸਾਫ ਚਮਕ, ਦੇਖ ਸਕਦਾ ਸੀ ਫੁਲ ਗੂੜੇ ਰੰਗਾਂ ਦੇ ਖਿੜੇ ਹੋਏ, ਨਦੀਆਂ ਦੇ ਚਲਣ ਦੀ ਧਾਰਾ ਅਤੇ ਚਮਕ ਅਤੇ ਮੇਰੇ ਕੰਨ ਸੁਣ ਰਹੇ ਸਨ ਪਹਾੜ ਤੋਂ ਆ ਰਹੇ ਰਾਗ ਅਤੇ ਰਾਗਣੀਆਂ।ਅਤੇ ਮੇਰੇ ਕੋਲ ਬੋਧ ਨਾਮ ਦਾ ਆਦਮੀ ਖੜ੍ਹਾ ਸੀ ਮੈਂ ਉਸ ਨੂੰ ਪੁਛਿਆ, ਇਹ ਕਿਹੜੀ ਜਗਾ ਹੈ?

ਅਤੇ ਉਸ ਨੇ ਕਿਹਾ, ਇਹ ਸਵਰਗ ਹੈ।

ਅਤੇ ਮੈਂ ਪੁਛਿਆ, ਕੀ ਸਵਰਗ ਧਰਤੀ ਤੋਂ ਉਪਰ ਕੋਈ ਹੋਰ ਉਚੀ ਧਰਤੀ ਹੈ?

ਉਸ ਨੇ ਜਵਾਬ ਦਿਤਾ, ਸਵਰਗ ਧਰਤੀ ਉਪਰ ਹੀ ਹੈ।

ਅਤੇ ਮੈਂ ਕਿਹਾ, ਮੈਂ ਧਰਤੀ ਤੋਂ ਹੀ ਆ ਰਿਹਾ ਹਾਂ ਪਰ ਉਥੇ ਤੇ ਕੋਈ ਸਵਰਗ ਨਹੀਂ ਹੈ। ਮੈਨੂੰ ਦਸੋ ਧਰਤੀ ਤੇ ਸਵਰਗ ਕਦੋਂ ਆਵੇਗਾ।

ਉਸ ਨੇ ਜਵਾਬ ਦਿਤਾ, ਆਉਣ ਵਾਲੇ ਸਮੇਂ।

ਮੈਂ ਨੀਦ ਤੋ ਜਾਗ ਪਿਆ ਅਤੇ ਮੇਰੇ ਵਿਚ ਸੁਸਤੀ ਦੇ ਬਜਾਏ ਖੁਸ਼ੀ ਭਰੀ ਚੁਸਤੀ ਸੀ। ਮੇਰੇ ਆਲੇ ਦੁਆਲੇ ਸੀ ਢਲਦੇ ਸੂਰਜ ਦੀ ਮੱਧਮ ਰੌਸ਼ਨੀ ਅਤੇ ਮਿੱਠੀ ਮਿੱਠੀ ਠੰਡ ਹਰ ਚੀਜ਼ ਉਪਰ ਫੈਲੀ ਹੋਈ ਸੀ। ਕੀੜੀਆਂ ਹੌਲੀ-ਹੌਲੀ ਵਾਪਸ ਘਰ ਜਾ ਰਹੀਆਂ ਸਨ। ਅਤੇ ਮੈਂ ਆਪਣੇ ਘੋੜੇ ਵਲ ਨੂੰ ਗਿਆ ਜੋ ਚੁਪ-ਚਾਪ ਘਾਹ ਚੁਗ ਰਿਹਾ ਸੀ। ਮੈਂ ਉਸ ਤੇ ਕਾਠੀ ਬੰਨੀ ਅਤੇ ਛਲਾਂਗ ਲਗਾ ਕੇ ਘੋੜੇ ਉਪਰ ਪਾਈ ਕਾਠੀ ਤੇ ਬੈਠ ਕੇ ਵਾਪਸ ਘਰ ਵਲ ਚਲ ਪਿਆ। ਤਦ ਸੂਰਜ ਪਹਾੜੀਆਂ ਦੇ ਪਿਛੇ ਜਾ ਚੁਕਾ ਸੀ ਪਰ ਮੈਨੂੰ ਪਤਾ ਸੀ ਕਲ ਉਹ ਫਿਰ ਇਧਰ ਆਵੇਗਾ।

**ਬਰਸੱਲ, ਬੈਲਜੀਅਮ, ਅਪਰੈਲ** 27, 2018

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ** 160030


**ਫੋਨ ਨੰ.**-0172-2657340, **E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਸ਼ੋਕ ਸਮਾਚਾਰ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੀ ਕਾਰਜਕਾਰਨੀ ਦੇ ਮੈਂਬਰ ਅਤੇ ਸੇਵਾ ਮੁਕਤ ਜ਼ਿਲ੍ਹਾ ਸਿਖਿਆ ਅਫਸਰ ਪ੍ਰਿੰਸੀਪਲ ਈਸ਼ਰ ਸਿੰਘ ਕਾਹਨੂਵਾਨ ਦੇ ਸਤਿਕਾਰ ਯੋਗ ਪਿਤਾ ਜੀ ਸ. ਸਰਦਾਰ ਸਿੰਘ ਜੀ, ਤੰਦਰੁਸਤੀ ਭਰੀ 97 ਸਾਲ ਦੀ ਆਯੂ ਭੋਗ ਕੇ ਮਿਤੀ 16 04 2018 ਨੂੰ ਅਕਾਲ ਚਲਾਣਾ ਕਰ ਗਏ ਸਨ। ਸਰਦਾਰ ਸਾਹਿਬ ਦਾ ਜਨਮ ਮਿਤੀ 20 ਫਰਵਰੀ 1921 ਨੂੰ ਪਿੰਡ ਕਾਹਨੂਵਾਨ ਵਿਚ ਪਿਤਾ ਸ. ਮੂਲਾ ਸਿੰਘ ਅਤੇ ਮਾਤਾ ਧੰਨ ਕੌਰ ਦੇ ਗ੍ਰਹਿ ਵਿਖੇ ਹੋਇਆ। ਮੁੱਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਕੇ ਆਪ ਜੀ ਪੰਜਾਬ ਪੁਲਿਸ ਵਿਚ ਭਰਤੀ ਹੋਏ ਅਤੇ 30 ਸਾਲ ਪੁਲਿਸ ਵਿਭਾਗ ਵਿਚ ਆਪਣੀਆਂ ਸੇਵਾਵਾਂ ਨਿਭਾਈਆਂ। ਆਪ ਜੀ ਦੇ ਚਾਰ ਸਪੁੱਤਰ ਅਤੇ ਦੋ ਧੀਆਂ ਨੇ ਸਮਾਜ ਵਿਚ ਬਹੁਤ ਹੀ ਉਸਾਰੂ ਯੋਗਦਾਨ ਪਾਇਆ ਹੈ। ਜਿਥੇ ਉਹਨਾਂ ਦੇ ਸਪੁੱਤਰ ਸ. ਈਸ਼ਰ ਸਿੰਘ ਬਤੌਰੇ ਜ਼ਿਲ੍ਹਾ ਸਿਖਿਆ ਅਫਸਰ ਸੇਵਾ ਮੁਕਤ ਹੋਏ ਹਨ, ਉਥੇ ਹੀ ਕਰਨੈਲ ਸਿੰਘ ਬਤੌਰੇ ਐਸ.ਡੀ.ਓ. ਅਤੇ ਤਰਲੋਚਨ ਸਿੰਘ ਬਤੌਰੇ ਸੀਨੀਅਰ ਬੈਂਕ ਮੈਨੇਜਰ ਸੇਵਾ ਮੁਕਤ ਹੋਏ ਹਨ। ਉਹਨਾਂ ਦੇ ਪੋਤਰੇ ਵੀ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਸੇਵਾਵਾਂ ਦੇ ਰਹੇ ਹਨ। ਸੇਵਾ ਮੁਕਤ ਹੋਣ ਉਪਰੰਤ ਆਪ ਜੀ ਲੰਮਾ ਸਮਾਂ ਗੁਰਦੁਆਰਾ ਕਲਗੀਧਰ ਸਾਹਿਬ ਕਾਹਨੂਵਾਨ ਦੇ ਪ੍ਰਬੰਧਕ ਵੀ ਰਹੇ। ਆਪਣੇ ਇਲਾਕੇ ਵਿਚ ਆਪ ਜੀ ਨੇ ਬਰਾਦਰੀ ਵਿਚ ਵਿਹਾਰ ਸੁਧਾਰ ਦੀ ਲਹਿਰ ਵਿਚ ਕਾਫੀ ਯੋਗਦਾਨ ਪਾਇਆ। ਆਪ ਜੀ ਦੀ ਹਰ ਵੇਲੇ ਕੰਮ ਕਰਨ ਦੀ ਜੀਵਨ ਸ਼ੈਲੀ ਕਰਕੇ ਹੀ ਆਪ ਜੀ 97 ਸਾਲ ਦੀ ਉਮਰ ਵਿਚ ਵੀ ਕਿਸੇ ਕਿਸਮ ਦੀ ਬੀਮਾਰੀ ਤੋਂ ਪੀੜਤ ਨਹੀਂ ਸਨ। ਆਪ ਜੀ ਦੀ ਅੰਤਿਮ ਅਰਦਾਸ ਮਿਤੀ 22-04-2018 ਨੂੰ ਆਪ ਜੀ ਦੇ ਨਗਰ ਕਾਹਨੂਵਾਨ ਵਿਚ ਕੀਤੀ ਗਈ। ਇਸ ਮੌਕੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਵੱਖ-ਵੱਖ ਖੇਤਰਾਂ ਤੋਂ ਪਰਿਵਾਰ ਦੇ ਸਨੇਹੀ ਅਤੇ ਰਿਸ਼ਤੇਦਾਰ ਪੁਜੇ ਹੋਏ ਸਨ। ਜਿਹਨਾਂ ਵਿਚ ਮੁੱਖ ਤੌਰ 'ਤੇ ਕਰਨਲ ਦਿਲਬਾਗ ਸਿੰਘ, ਕਰਨਲ ਉਪਲ, ਕਰਨਲ ਗੁਰਮੁਖ ਸਿੰਘ, ਪ੍ਰਿੰ. ਸੁਰਿੰਦਰ ਪਾਲ ਸਿੰਘ, ਸੁਖਜਿੰਦਰਜੀਤ ਸਿੰਘ, ਪ੍ਰਿੰ. ਰਾਮ ਲਾਲ. ਪ੍ਰਿੰ.ਗੱਜਣ ਸਿੰਘ, ਪ੍ਰਿੰ. ਬਲਜਿੰਦਰ ਕੌਰ, ਪ੍ਰਿੰ. ਨਿਰਮਲ ਸਿੰਘ, ਅਜੀਤ ਸਿੰਘ ਸਿਧਵਾਂ, ਮੋਹਨ ਸਿੰਘ ਧੰਜਲ, ਚੇਅਰਮੈਨ ਜੇ.ਐਸ. ਭਾਟੀਆ, ਚੇਅਰਮੈਨ ਮੋਤੀ ਭਾਟੀਆ, ਭੁਪਿੰਦਰ ਵਿਕੀ ਪੀ.ਏ., ਮਿੰਟੂ ਬਾਜਵਾ ਪੀ.ਏ., ਕਰਨੈਲ ਸਿੰਘ ਯੂ.ਐਸ.ਏ. ਅਦਿ ਹਾਜ਼ਰ ਸਨ। ਸਾਰਿਆਂ ਨੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਵਾਹਿਗੁਰੂ ਅੱਗੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ। ਇਸ ਦੁੱਖ ਦੀ ਘੜੀ ਵਿਚ ਅਦਾਰਾ 'ਲੁਬਾਣਾ ਸੇਵਕ' ਵਿਛੜੀ ਆਤਮਾ ਨੂੰ ਸ਼ਰਧਾਂ ਦੇ ਫੁੱਲ ਭੇਟ ਕਰਦਾ ਹੋਇਆ ਪ੍ਰੀਵਾਰ ਨਾਲ ਸੰਵੇਦਨਾ ਪ੍ਰਗਟ ਕਰਦਾ ਹੈ।

**ਸੁਰਿੰਦਰ ਸਿੰਘ ਰੂਬੀ**

**ਸੰਪਾਦਕ**

# ਪੰਜਾਬ ਦੇ ਮੇਲੇ ਤੇ ਪੰਜਾਬੀ

'ਮੇਲਾ' ਸ਼ਬਦ ਆਪਣੇ-ਆਪ ਵਿਚ ਦਿਲ-ਜਾਨੀਆਂ ਅਤੇ ਸਾਕ-ਸਬੰਧੀਆਂ ਦੇ ਬਾਰ-ਬਾਰ ਮਿਲ-ਜੁਲ ਕੇ ਖੁਸ਼ੀਆਂ ਸਾਂਝੀਆਂ ਕਰਨ ਦੀ ਪ੍ਰਕਿਰਿਆ ਤੋਂ ਹੀ ਹੋਂਦ ਵਿੱਚ ਆਇਆ ਹੈ। ਆਦਿ-ਕਾਲ ਤੋਂ ਲੈ ਕੇ ਹੁਣ ਤੱਕ ਪੰਜਾਬੀਆਂ ਦੇ ਸਾਂਝੇ ਮਨ-ਪ੍ਰਚਾਵੇ ਦੇ ਵੱਡੇ ਮੌਕੇ ਅਤੇ ਸਾਧਨ ਇਹ ਮੇਲੇ ਹੀ ਬਣਦੇ ਰਹੇ ਹਨ। ਪੰਜਾਬੀਆਂ 'ਚ ਇਕ ਕਹਾਵਤ ਵੀ ਹੈ 'ਮੇਲਾ ਮੇਲੀਆਂ ਦਾ, ਪੈਸਾ ਧੇਲੀਆਂ ਦਾ'।

ਉਹ ਮੇਲੇ ਹੀ ਹੁੰਦੇ ਹਨ, ਜਿਨ੍ਹਾਂ ਵਿੱਚ ਪੰਜਾਬੀ ਲੋਕ ਚਾਵਾਂ, ਮਲ੍ਹਾਰਾਂ ਨਾਲ ਬਣ-ਫੱਬ ਕੇ, ਹੁਮ-ਹੁਮਾ ਕੇ, ਕੰਮ-ਧੰਦੇ ਦੇ ਫ਼ਿਕਰ ਪਿੱਛੇ ਛੱਡ ਕੇ, ਨੱਚਦੇ, ਟੱਪਦੇ, ਗਾਉਂਦੇ, ਖੁਸ਼ੀਆਂ ਮਨਾਉਂਦੇ ਹੋਏ ਕਿਸੇ ਇਕ ਨਿਸ਼ਚਿਤ ਕੀਤੀ ਗਈ (ਮੇਲੇ ਵਾਲੀ) ਥਾਂ ਉੱਤੇ ਇਕੱਤਰ ਹੋਣ ਵਾਸਤੇ ਤੁਰ ਪੈਂਦੇ ਹਨ। ਲਾਲਾ ਧਨੀ ਰਾਮ ਚਾਤ੍ਰਿਕ ਨੇ ਇਕ ਗੀਤ ਰਾਹੀਂ ਪੰਜਾਬੀਆਂ ਦੇ ਮੇਲੇ ਜਾਣ ਦੇ ਦ੍ਰਿਸ਼ ਨੂੰ ਬੜੇ ਭਾਵ-ਪੂਰਤ ਤਰੀਕੇ ਨਾਲ ਸਾਕਾਰ ਕੀਤਾ ਹੈ, ਜਿਵੇਂ -

**ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,**
**ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।**
**ਮੀਂਹਾਂ ਦੀ ਉਡੀਕ ਤੇ ਸਿਆੜ ਕੱਢ ਕੇ,**
**ਮਾਲ ਢਾਂਡਾ ਸਾਂਭਣੇ ਨੂੰ ਸਾਂਝੀ।**
**ਪੱਗ, ਝੱਗਾ, ਚਾਦਰਾ, ਨਵੇਂ ਸਿਵਾਇ ਕੇ,**
**ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ।**
**ਕੱਛੇ ਮਾਰ ਵੰਝਲੀ ਆਨੰਦ ਛਾ ਗਿਆ,**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**
**ਹਾਣੀਆਂ ਦੀ ਢਾਣੀ ਵਿੱਚ ਲਾੜਾ ਸੱਜਦਾ,**
**ਬੱਘ ਬੱਘ ਬੱਘ ਸ਼ੇਰ ਗੱਜਦਾ।**
**ਹੀਰੇ ਨੂੰ ਅਰਕ ਨਾਲ ਹੁੰਜਾ ਮਾਰਦਾ,**
**ਸੈਨਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ।**
**ਚੰਗੀ ਜੇਹੀ ਸੱਦ ਲਾ ਦੇ, ਬੱਲੇ ਬੇਲੀਆ !**
**ਤੂੰਬਾ ਜਰਾ ਖੋਲ੍ਹ ਖਾਂ, ਜੁਆਨਾ ਤੇਲੀਆ।**
**ਸਰੂ ਵਾਂਗੂ ਝੂਲ ਵੰਝਲੀ ਸੁਣਾ ਗਿਆ,**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**
**ਤੂੰਬੇ ਨਾਲ ਭਾਂਤੋ ਭਾਂਤ ਬੋਲ ਬੋਲੀਆਂ,**
**ਹਾੜ ਵਿੱਚ ਜੱਟਾਂ ਨੇ ਮਨਾਈਆਂ ਹੋਲੀਆਂ।**
**ਛਿੰਝ ਦੀ ਤਿਆਰੀ ਹੋਈ ਢੋਲ ਵੱਜਦੇ,**
**ਕੱਸ ਕੇ ਲੰਗੋਟੇ ਆਏ ਸ਼ੇਰ ਗੱਜਦੇ।**




**ਲਿਸ਼ਕਦੇ ਨੇ ਪਿੰਡੇ ਗੁੰਨ੍ਹੇ ਹੋਏ ਤੇਲ ਦੇ,**
**ਮਾਰਦੇ ਨੇ ਛਾਲਾਂ ਦੂਲੇ ਡੰਡ ਪੇਲਦੇ।**
**ਕਿੱਸੂ ਨੂੰ ਸੁਰੈਣਾ ਪਹਿਲੇ ਹੱਥ ਢਾ ਗਿਆ,**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**

ਪੰਜਾਬ ਵਿੱਚ ਮੇਲੇ ਲੱਗਣ ਦੇ ਕਈ ਕਾਰਨ ਹਨ। ਬਹੁਤ ਸਾਰੇ ਮੇਲੇ ਤਿੱਥਾਂ, ਵਾਰਾਂ, ਤਿਉਹਾਰਾਂ ਨਾਲ ਸਬੰਧਿਤ ਹਨ। ਕਈ ਸਾਹਿਤਕ ਮੇਲੇ ਅਤੇ ਖੇਤੀਬਾੜੀ ਆਦਿ ਨਾਲ ਸਬੰਧਿਤ ਮੇਲੇ ਵੀ ਹੋਂਦ ਵਿੱਚ ਆਏ ਹਨ। ਅਜੋਕੇ ਦੌਰ ਵਿੱਚ ਸਰਕਾਰੀ ਜਾਂ ਅਰਧ-ਸਰਕਾਰੀ ਸੰਸਥਾਵਾਂ ਵੱਲੋਂ ਲਗਾਉਣੇ ਆਰੰਭ ਲਏ ਹਨ। ਮੇਲਾ ਭਾਵੇਂ ਰੁੱਤ ਜਾਂ ਮੌਸਮ ਦਾ ਹੋਵੇ, ਧਾਰਮਿਕ ਜਾਂ ਰਾਜਨੀਤਿਕ ਹੋਵੇ, ਪ੍ਰੰਪਰਾਗਤ ਜਾਂ ਸਾਧਾਂ-ਸੰਤਾਂ, ਗੁਰੂਆਂ-ਪੀਰਾਂ, ਫ਼ਕੀਰਾਂ, ਦੀ ਯਾਦ ਵਿੱਚ ਸਥਾਪਤ ਕੀਤੇ ਸਥਾਨਾਂ ਤੇ ਹੋਵੇ, ਪੰਜਾਬੀ ਦੀ ਇਹ ਸਿਫ਼ਤ ਹੈ ਕਿ ਉਹ ਸਭ ਧਰਮਾਂ, ਰੰਗਾਂ, ਜਾਤਾਂ, ਅਤੇ ਕਬੀਲਿਆਂ ਦੇ ਭਿੰਨ-ਭੇਦਾਂ ਤੋਂ ਨਿਰਲੇਪ ਹੋ ਕੇ ਮੇਲੇ ਨੂੰ ਸਰਬ-ਸਾਂਝਾ ਜਾਣ ਕੇ ਉਥੇ ਪੁੱਜਣ ਲਈ ਤਿਆਰ ਹੁੰਦੇ ਹਨ। ਕੀ ਗੱਭਰੂ ਤੇ ਕੀ ਬੁੱਢੜੇ, ਸਭ ਮੇਲੇ ਜਾਣ ਲਈ ਭਾਵੇਂ ਗੱਡੇ ਤੇ ਬੈਠ ਜਾਣ, ਟਾਂਗਿਆਂ, ਮੋਟਰਾਂ, ਬੱਸਾਂ, ਟਰਾਲੀਆਂ ਜਾਂ ਢਾਣੀਆਂ ਦੀ ਸ਼ਕਲ ਵਿੱਚ ਪੈਦਲ ਤੁਰਦੇ ਹੋਏ ਜਾਣ, ਪਰ ਸਾਂਝੇ ਰੂਪ ਵਿੱਚ ਲੋਕ-ਗੀਤਾਂ ਦੇ ਟੱਪਿਆਂ ਤੇ ਬੋਲੀਆਂ ਦੀ ਵਾਰੀ ਨਹੀਂ ਟੁੱਟਣ ਦੇਂਦੇ।

ਪੰਜਾਬੀਆਂ ਦੀ ਲੋਕ-ਮਾਨਸਿਕਤਾ ਵਿੱਚ ਅਮਿੱਟ ਛਾਪ ਛੱਡ ਚੁੱਕੇ ਤਿਉਹਾਰਾਂ ਨੇ ਵੀ ਮੇਲਿਆਂ ਦਾ ਰੂਪ ਧਾਰਨ ਕਰ ਲਿਆ ਹੋਇਆ ਹੈ। 'ਮਾਘੀ' ਪੰਜਾਬੀਆਂ ਵਾਸਤੇ ਨਿੱਘ ਅਤੇ ਸ਼ੁੱਧਤਾ ਦਾ ਪਰਵ ਹੋ ਨਿਬੜਿਆ ਹੈ, ਇਸੇ ਤਰ੍ਹਾਂ ਬਸੰਤ ਰੁੱਤ ਮਹਿਕਾਂ ਅਤੇ ਬਹਾਰਾਂ ਦਾ ਮੇਲਾ ਬਣ ਚੁੱਕੀ ਹੈ। ਹੋਲੀ ਰੰਗਾਂ ਦਾ ਤਿਉਹਾਰ ਹੈ ਅਤੇ ਹੋਲਾ ਜਿੱਤਾਂ ਅਤੇ ਬੀਰਤਾਵਾਂ ਦੇ ਸੁਮੇਲ ਦਾ ਮੇਲਾ ਹੈ। ਇਸੇ ਤਰ੍ਹਾਂ ਵਿਸਾਖੀ ਪ੍ਰੇਮ-ਭਾਵ, ਖੁਸ਼ਹਾਲੀ ਅਤੇ ਦਿਲਾਂ ਦੇ ਖਿੜਨ ਦਾ

ਮੇਲਾ ਹੋ ਨਿਬੜਿਆ ਹੈ। ਅਜਿਹੇ ਭਾਵਾਂ ਅਤੇ ਸੰਚਾਰਾਂ ਲਈ ਉਚੇਚੇ ਅਤੇ ਵਿਸ਼ੇਸ਼ ਤਿਆਰੀ ਹੋਣੀ ਤਾਂ ਸੁਭਾਵਿਕ ਹੀ ਹੈ।




ਵੱਖ-ਵੱਖ ਮੇਲਿਆਂ ਵਿਚ ਜਾਣ ਵਾਸਤੇ ਤਿਆਰੀ ਵੀ ਵੱਖਰੇ-ਵੱਖਰੇ ਤੌਰ ਤਰੀਕਿਆਂ ਨਾਲ ਕੀਤੀ ਜਾਂਦੀ ਹੈ। ਕਈਆਂ ਮੇਲਿਆਂ ਤੇ ਘੋੜੇ ਘੋੜੀਆਂ, ਬੋਤੇ ਤੇ ਗੱਡੇ ਸਵਾਰੀ ਦਾ ਸਾਧਨ ਬਣਦੇ ਹਨ ਪਰ ਵਿਗਿਆਨਕ ਉੱਨਤੀ ਨਾਲ ਟਾਂਗੇ ਰਿਕਸ਼ੇ ਤਾਂ ਕਿਤੇ ਰਹੇ ਕਾਰ, ਸਕੂਟਰਾਂ, ਟਰੈਕਟਰਾਂ, ਟਰਾਲੀਆਂ, ਰੇਲਾਂ ਆਦਿ ਰਾਹੀਂ ਵੀ ਮੇਲਾ ਵੇਖਣ ਵਾਸਤੇ ਜਾਇਆ ਜਾਂਦਾ ਹੈ। ਇਨ੍ਹਾਂ ਸਾਰੇ ਸਾਧਨਾਂ ਦੀ ਵੱਖਰੀ-ਵੱਖਰੀ ਨੁਹਾਰ ਹੈ, ਵੱਖਰਾ-ਵੱਖਰਾ ਸੁਆਦ ਹੈ ਤੇ ਵੱਖਰੀ-ਵੱਖਰੀ ਮਾਨਤਾ ਹੈ। ਕਈ ਮੇਲੇ ਵੇਖਣ ਵਾਸਤੇ ਪੈਦਲ ਜਾਣਾ ਹੀ ਸ਼ੋਭਦਾ ਹੈ। ਜਿਵੇਂ ਛਪਾਰ ਦੇ ਮੇਲੇ ਵਿਚ ਗੁੱਗੇ ਦੀ ਮਾੜੀ ਉੱਤੋਂ ਮੇਲੇ ਦੇ ਸ਼ੌਕੀਨ ਦੂਰੋਂ-ਦੂਰੋਂ ਵੱਡੇ-ਵੱਡੇ ਗਰੁੱਪਾਂ ਵਿਚ ਤੁਰ ਕੇ ਆਉਣਾ ਹੀ ਜ਼ਰੂਰੀ ਸਮਝਦੇ ਹਨ।

ਮੇਲੇ ਜਾਣ ਦੀ ਕਾਹਲੀ ਤਾਂ ਹਰੇਕ ਨੂੰ ਬਹੁਤ ਹੁੰਦੀ ਹੈ ਪਰ ਜਦੋਂ ਇਕ ਮੁਟਿਆਰ ਟਾਂਗੇ ਵਾਲੇ ਨੂੰ ਟਾਂਗਾ ਜਲਦੀ ਤੋਰਨ ਲਈ ਕਹਿੰਦੀ ਹੈ ਤਾਂ ਟਾਂਗੇ ਵਾਲੇ ਦਾ ਜਵਾਬ ਹੁੰਦਾ ਹੈ:

**ਸਾਡੇ ਟਾਂਗੇ ਨੇ ਮੜਕ ਨਾਲ ਜਾਣਾ**
**ਕਾਹਲੀ ਆ ਤਾਂ ਰੇਲ ਚੜ੍ਹ ਜਾ।**

ਮੇਲਿਆਂ ਵਿੱਚ ਲੋਕ ਕੇਵਲ ਮੇਲਾ ਵੇਖਣ ਹੀ ਨਹੀਂ ਜਾਂਦੇ ਸਗੋਂ ਵੰਨ-ਸੁਵੰਨੀਆਂ ਲੋੜਾਂ ਵਾਲੀਆਂ ਚੀਜ਼ਾਂ ਵਸਤੂਆਂ ਦੀ ਫਰਜ਼ੀ ਦੁਕਾਨਾਂ ਲਾਉਣ ਵਾਲੇ ਅਤੇ ਹੋਰ ਕਈ ਪ੍ਰਕਾਰ ਦੀਆਂ ਚੀਜ਼ਾਂ ਵਸਤਾਂ ਵੇਚ ਕੇ ਕਮਾਈਆਂ ਕਰਨ ਵਾਸਤੇ ਵੀ ਵਣਜਾਰੇ ਲੋਕ ਮੇਲੇ ਜਾਂਦੇ ਹਨ। ਕਿਸੇ ਕਿਸਮ ਦਾ ਗੰਦ ਪਾਉਣਾ ਜਾਂ ਪ੍ਰਦੂਸ਼ਣ ਫੈਲਾਉਣ ਜਾਂ ਲੜਾਈ ਝਗੜੇ ਨੂੰ ਸਹੇੜਨ ਵਾਸਤੇ ਮੇਲੇ ਜਾਣਾ ਕਦਾਚਿਤ ਚੰਗਾ ਨਹੀਂ ਹੈ।

ਜ਼ਿੰਦਗੀ ਵਿੱਚ ਅਤੀਤ ਦੀ ਯਾਦ ਲਿਆ ਕੇ ਭਵਿੱਖ ਨੂੰ ਚੰਗੇਰਾ, ਉਸਾਰੂ ਅਤੇ ਸੰਭਾਵਨਾ ਮੁਖੀ ਬਣਾਉਣ ਲਈ ਉਤੇਜਿਤ ਕਰਨਾ ਮੇਲਿਆਂ ਦਾ ਮੁੱਖ ਪ੍ਰਯੋਜਨ ਹੈ। ਮੇਲੇ ਜਾਣਾ ਮਨੁੱਖ ਦੀ ਆਸ਼ਾਵਾਦੀ-ਪ੍ਰਵਿਰਤੀ ਦਾ ਮੂਲ ਸਰੋਤ ਹੈ। ਲੋਕ-ਕਲਾਵਾਂ, ਲੋਕ ਰੁਚੀਆਂ, ਮੇਲਿਆਂ ਨੂੰ ਵੇਖਣ ਜਾਣ ਸਦਕਾ ਹੀ ਪਨਪ ਸਕਦੀਆਂ ਹਨ। ਇਸੇ ਕਰਕੇ ਬੱਚੇ, ਜਵਾਨ, ਮੁਟਿਆਰਾਂ ਔਰਤਾਂ ਤਾਂ ਇਕ ਪਾਸੇ ਰਹੀਆਂ, ਸਗੋਂ ਬੁੱਢੇ-ਠੇਰੇ ਵੀ ਮੇਲ ਜਾਂਦੇ ਹੋਏ ਜਵਾਨੀ ਵਿੱਚ ਆ ਗਏ ਮਹਿਸੂਸ ਕਰਦੇ ਹਨ। ਮੇਲਿਆਂ 'ਚ ਸ਼ਿਰਕਤ ਕਰਨ ਦਾ ਮੰਤਵ ਚੰਗਾ-ਚੋਖਾ ਤੇ ਵੰਨ-ਸੁਵੰਨਾ ਖਾਣਾ-ਪੀਣ, ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਹਿਤ ਢੁਕਵਾਂ ਸਮਾਨ ਖਰੀਦਣਾਂ ਅਤੇ ਨਵੀਆਂ ਉਪਲਬਧੀਆਂ ਤੋਂ ਵਾਕਿਫ਼ ਹੋਣਾ ਵੀ ਹੈ।



# ਸਿੱਖ ਫਿਲਾਸਫੀ ਅਨੁਸਾਰ ਸਮਾਜ ਕਿਹੋ ਜਿਹਾ ਹੋਵੇ

ਹਰੇਕ ਧਰਮ, ਸਮਾਜ, ਜਾਤੀ ਦੀ ਆਪਣੀ ਆਰਥਿਕਤਾ ਹੁੰਦੀ ਹੈ। ਜੇ ਕੋਈ ਦੇਸ਼ ਜਾਂ ਸਮਾਜ ਤਰੱਕੀ ਦੀਆਂ ਲੀਹਾਂ ਤੇ ਚੱਲ ਰਿਹਾ ਹੁੰਦਾ ਹੈ ਤਾਂ ਉਸ ਪਿੱਛੇ ਧਰਮ ਦੀ ਆਰਥਿਕ ਵਿਚਾਰਧਾਰਾ ਹੀ ਹੁੰਦੀ ਹੈ। ਆਦਰਸ਼ਵਾਦੀ ਆਰਥਿਕਤਾ ਦਾ ਮਨੋਰਥ ਇਹੀ ਹੁੰਦਾ ਹੈ ਕਿ ਬਰਾਬਰੀ ਦਾ ਸਮਾਜ ਕਿਵੇਂ ਸਿਰਜਣਾ ਹੈ ਅਤੇ ਲੋਕਾਂ ਨੂੰ ਕਪਟ, ਭ੍ਰਿਸ਼ਟਾਚਾਰ ਦੇ ਜੰਜਾਲ ਤੋਂ ਮੁਕਤ ਕਰਵਾ ਕੇ ਕਿਵੇਂ ਮਿਹਨਤੀ, ਇਮਾਨਦਾਰ ਅਤੇ ਕਰਮਸ਼ੀਲ ਬਣਾਉਣਾ ਹੈ। ਅੱਜ ਜੇਕਰ ਜਪਾਨ ਤੇ ਚੀਨ ਵਰਗੇ ਦੇਸ਼ ਸਮੁੱਚੇ ਵਿਸ਼ਵ ਵਿਚੋਂ ਤਰੱਕੀ ਦੀਆਂ ਲੀਹਾਂ ਵੱਲ ਵੱਧ ਰਹੇ ਹਨ ਅਤੇ ਆਪਣੀ ਅਮੀਰ ਆਰਥਿਕਤਾ ਦੇ ਸਿਰ ਤੇ ਸਮੁੱਚੇ ਵਿਸ਼ਵ ਵਿਚ ਧਾਂਕ ਜਮਾਈ ਬੈਠੇ ਹਨ ਤਾਂ ਉਸ ਪਿੱਛੇ ਕਾਰਨ ਬੁੱਧ ਦੀ ਵਿਚਾਰਧਾਰਾ ਹੈ ਜੋ ਮਨੁੱਖ ਨੂੰ ਸਖ਼ਤ ਮਿਹਨਤ ਕਰਨ, ਇਮਾਨਦਾਰੀ ਨਾਲ ਰੋਜ਼ੀ ਰੋਟੀ ਕਮਾਉਣ, ਉਦਮਸ਼ੀਲ ਹੋਣ ਅਤੇ ਬਰਾਬਰੀ ਦਾ ਸਮਾਜ ਸਿਰਜਣ ਵੱਲ ਪ੍ਰੇਰਿਤ ਕਰਦੀ ਹੈ। ਇਸੇ ਤਰ੍ਹਾਂ ਈਸਾਈ ਮੱਤ ਦੀ ਵਿਚਾਰਧਾਰਾ ਵੀ ਲੋਕਾਂ ਨੂੰ ਬਰਾਬਰੀ ਅਤੇ ਉਦਮਸ਼ੀਲ ਹੋਣ ਵੱਲ ਪ੍ਰੇਰਿਤ ਕਰਦੀ ਹੈ। ਯੂਰਪੀਅਨ ਦੇਸ਼ਾਂ ਅਤੇ ਕੈਨੇਡਾ, ਅਮਰੀਕਾ, ਫਰਾਂਸ, ਜਰਮਨ, ਇੰਗਲੈਂਡ ਆਦਿ ਦਾ ਅਰਥਚਾਰਾ ਮਜ਼ਬੂਤ ਹੋਣ ਦਾ ਕਾਰਨ ਹੀ ਇਸਾਈਅਤ ਫਿਲਾਸਫੀ ਹੈ।

ਮਾਰਕਸ ਦਾ ਸਮਾਜਵਾਦ ਉਦੋਂ ਹੀ ਢਹਿ ਢੇਰੀ ਹੋ ਗਿਆ, ਜਦੋਂ ਰੂਸ ਦਾ ਸ੍ਰੀ ਰਾਜ ਖੰਡ-ਖੰਡ ਹੋ ਗਿਆ। ਕਾਰਨ ਇਹੀ ਸੀ ਕਿ ਮਾਰਕਸੀ ਆਪਣੀ ਫਿਲਾਸਫ਼ੀ ਨੂੰ ਸਰਵੋਤਮ ਮੰਨਣ ਦਾ ਅਤੇ ਵਿਗਿਆਨਕ ਹੋਣ ਦਾ ਭਰਮ ਪਾਲੀ ਬੈਠੇ ਸਨ, ਜਦ ਕਿ ਇਹ ਸੱਚਾਈ ਨਹੀਂ ਸੀ।

ਜੇਕਰ ਵਿਸ਼ਵ ਦੀਆਂ ਸਮੁੱਚੀਆਂ ਵਿਚਾਰਧਾਰਾਵਾਂ ਦੇ ਪ੍ਰਸੰਗ ਵਿਚ ਗੁਰਮਤਿ ਫਿਲਾਸਫ਼ੀ ਨੂੰ ਵਾਚਿਆ ਜਾਵੇ ਤਾਂ ਇਹ ਫਿਲਾਸਫ਼ੀ ਮਨੁੱਖ ਨੂੰ ਕਿਤੇ ਵੱਧ ਕਰਮਸ਼ਲੀ, ਉਦਮਸ਼ੀਲ, ਮਿਹਨਤੀ, ਦਇਆਵਾਨ, ਇਮਾਨਦਾਰ ਅਤੇ ਸੱਚਾ ਬਣਨ ਵੱਲ ਪ੍ਰੇਰਿਤ ਕਰਦੀ ਹੈ।

ਸਿੱਖ ਫਿਲਾਸਫ਼ੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਅਧਾਰਿਤ ਹੈ, ਜਿਸ ਵਿਚ ਵੱਖ-ਵੱਖ ਜਾਤੀਆਂ ਅਤੇ ਧਰਮਾਂ ਦੇ ਸੰਤ-ਗੁਰੂਆਂ ਦੀ ਵਿਚਾਰਧਾਰਾ ਸ਼ਾਮਿਲ ਹੈ ਜੋ ਕਿ ਸਰਬੱਤ ਦੇ ਭਲੇ ਦਾ ਸਮਾਜ 'ਬੇਗਮਪੁਰਾ', 'ਨਾਨਕ ਰਾਜ' ਅਤੇ 'ਹਲੇਮੀ ਰਾਜ' ਸਿਰਜਣ ਦਾ ਸੰਦੇਸ਼ ਦਿੰਦੀ ਹੈ। ਗੁਰਮਤਿ ਦਾ ਵਿਰੋਧ ਕਿਸੇ ਜਮਾਤ ਨਾਲ ਨਹੀਂ, ਉਹ ਤਾਂ ਜ਼ਾਲਮ ਨੂੰ ਵੀ ਚੰਗਾ ਮਨੁੱਖ ਬਣਨ ਲਈ ਪ੍ਰੇਰਿਤ ਕਰਦੀ ਹੈ। ਇਸ ਫਿਲਾਸਫ਼ੀ ਵਿਚ ਮਾਰਕਸੀ ਫਿਲਾਸਫ਼ੀ ਵਾਂਗ ਅਮੀਰ-ਗਰੀਬ ਦਾ ਝਗੜਾ ਜਾਂ ਹਿੰਸਕ ਮਾਰਗ ਦਾ ਸੰਦੇਸ਼ ਨਹੀਂ। ਉਹ ਤਾਂ ਮਨੁੱਖ ਨੂੰ ਸੰਦੇਸ਼ ਦਿੰਦੀ ਹੈ ਕਿ ਉਹ ਵੱਧ ਤੋਂ ਵੱਧ ਮਿਹਨਤ ਕਰੇ, ਪਰ ਇਮਾਨਦਾਰੀ ਨਾਲ। ਇਮਾਨਦਾਰੀ ਨਾਲ ਜੋ ਧਨ ਉਸਨੂੰ ਪ੍ਰਾਪਤ ਹੋਇਆ ਹੈ, ਉਸ ਵਿਚੋਂ ਦਸਵਾਂ ਹਿੱਸਾ ਬਰਾਬਰੀ ਦਾ ਸਮਾਜ ਸਿਰਜਣ ਲਈ ਗਰੀਬ ਅਤੇ ਦਬੇ-ਕੁਚਲੇ ਵਰਗ ਨੂੰ ਉੱਪਰ ਉਠਾਉਣ ਲਈ ਖਰਚ ਕਰੇ। ਇਥੇ ਧਿਆਨ ਰੱਖਣ ਵਾਲੀ ਗੱਲ ਹੈ ਕਿ ਸਿੱਖ ਫਿਲਾਸਫ਼ੀ ਦੇ ਕਿਰਤ ਸੰਕਲਪ ਦੇ ਵਿਚ ਨਾਮ ਸਿਮਰਨ ਦਾ ਵਜੂਦ ਹੈ ਜਾਂ ਇੰਝ ਆਖ ਲਵੋ ਕਿ ਗੁਰਮਤਿ ਆਰਥਿਕਤਾ ਨਾਮ ਸਿਮਰਨ, ਕਿਰਤ ਕਰਨ ਅਤੇ ਵੰਡ ਛਕਣ ਤੇ ਅਧਾਰਿਤ ਹੈ। ਨਾਮ ਸਿਮਰਨ ਦਾ ਅਰਥ ਇਹ ਨਹੀਂ ਕਿ ਹੋਠਾਂ ਰਾਹੀਂ ਅਕਾਲ ਪੁਰਖ ਨੂੰ ਧਿਆਉਣਾ ਤੇ ਜਪਨਾ। ਨਾਮ ਤਾਂ ਸਰੀਰ ਦੇ ਅੰਦਰ ਤੱਕ ਰਚਿਆ ਹੋਣਾ ਚਾਹੀਦਾ ਹੈ। ਜੇਕਰ ਅਕਾਲਪੁਰਖ ਸੱਚਾ ਹੈ ਅਤੇ ਉਸ ਦਾ ਨਾਮ ਸੱਚਾ ਹੈ ਤਾਂ ਉਸਨੂੰ ਧਿਆਉਣ ਵਾਲਾ ਮਨੁੱਖ ਵੀ ਸੱਚਾ ਅਤੇ ਨੈਤਿਕ ਕੀਮਤਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ।

ਅਜਿਹਾ ਮਨੁੱਖ ਜੋ ਨਾਮੀ ਹੈ, ਉਹ ਆਪਣੇ ਆਪ ਚੰਗਾ ਕਿਰਤੀ ਅਤੇ ਸਮਾਜ ਵਿਚ ਬਰਾਬਰੀ ਦਾ ਚਾਹਵਾਨ ਹੋਵੇਗਾ। ਅਜਿਹੇ ਮਨੁੱਖ ਦਾ ਸੰਕਲਪ ਸਿਰਫ਼ ਗੁਰਬਾਣੀ ਦੀ ਫਿਲਾਸਫ਼ੀ ਵਿਚ ਦ੍ਰਿਸ਼ਟਮਾਨ ਹੈ। ਅਜਿਹਾ ਕਿਰਤ ਤੇ ਕਿਰਤੀ ਦਾ ਸੁਮੇਲ ਹੋਰ ਕਿਸੇ ਫਿਲਾਸਫ਼ੀ ਵਿਚ ਨਹੀਂ ਹੈ। ਇਸ ਤਰ੍ਹਾਂ ਗੁਰਮਤਿ ਫਿਲਾਸਫ਼ੀ ਵਿਗਿਆਨਕ ਹੈ, ਤਰਕਸ਼ੀਲ ਹੈ, ਮਾਨਵ ਨੂੰ ਮਹਾਂਮਾਨਵ ਬਣਾਉਣ ਲਈ ਅਤੇ ਧਰਮ ਦੀਆਂ ਲੀਹਾਂ ਤੇ ਉਸਾਰਨ ਲਈ ਨਾਮ ਜਪਣ, ਕਿਰਤ ਕਰਨ ਤੇ ਵੰਡ ਛੱਕਣ ਵੱਲ ਪ੍ਰੇਰਿਤ ਕਰਦੀ ਹੈ। ਵਿਸ਼ਵ ਪ੍ਰਸਿੱਧ ਵਿਦਵਾਨ ਅਤੇ ਨੋਬਲ ਪੁਰਸਕਾਰ ਵਿਜੇਤਾ ਟਾਇਨਬੀ ਨੇ ਐਵੇਂ ਨਹੀਂ ਸੀ ਕਹਿ ਦਿੱਤਾ ਕਿ ਵਿਸ਼ਵ ਵਿਚ ਕੇਵਲ ਸਿੱਖ ਧਰਮ ਅਜਿਹਾ ਧਰਮ ਹੈ, ਜੋ ਸਮੁੱਚੇ ਤੌਰ 'ਤੇ ਸਥੂਲ ਤੋਂ ਹੱਟ ਕੇ ਸ਼ਬਦ ਨਾਲ ਜੁੜਿਆ ਹੋਇਆ ਹੈ ਅਤੇ ਭਵਿੱਖ ਵਿਚ ਸਿੱਖ ਧਰਮ ਦਾ ਇਹ ਸਿਧਾਂਤ ਸੰਸਾਰ ਲਈ ਚਾਨਣ ਮੁਨਾਰਾ ਸਿੱਧ ਹੋਵੇਗਾ।

ਲੋੜ ਹੈ ਇਸ ਮਾਡਲ ਨੂੰ ਪਹਿਲਾਂ ਅਪਨਾਉਣ ਦੀ ਅਤੇ ਫਿਰ ਦੇਸ਼ ਪ੍ਰਦੇਸ਼ ਵਿਚ ਪ੍ਰਚਾਰਨ ਦੀ ਤਾਂ ਹੀ ਅਸੀਂ ਸਿੱਖ ਧਰਮ ਨੂੰ ਵਿਸ਼ਵ ਦਾ ਧਰਮ ਉਸਾਰ ਕੇ ਲੋਕਾਈ ਨੂੰ ਬੇਗਮਪੁਰੇ ਦੇ ਹਲੇਮੀ ਰਾਜ ਵੱਲ ਲਿਜਾ ਸਕਾਂਗੇ।

**ਇੰਦਰਜੀਤ ਸਿੰਘ**

# ਪ੍ਰਦੂਸ਼ਣ ਰਹਿਤ ਫੁਲਵਾੜੀ ਦੀ ਲੋੜ

**ਰਾਮ ਸਿੰਘ ਢੇਸੀ**

ਮਨੁੱਖਤਾ ਅਤੇ ਫੁੱਲਾਂ ਦਾ ਸੰਬੰਧ ਮਨੁੱਖਤਾ ਨਾਲ ਕਿੰਨਾ ਹੀ ਪੁਰਾਣਾ ਏ। ਪੁਰਾਣੇ ਰਿਸ਼ੀ ਮੁਨੀ ਤਪੱਸਿਆ ਅਸਥਾਨ ਦੀ ਚੋਣ ਗਹਿਰੀ ਪੜਚੋਲ ਉਪਰੰਤ ਕਰਦੇ ਸਨ। ਉਨ੍ਹਾਂ ਦੀਆਂ ਝੌਂਪੜੀਆਂ ਦਰਿਆਵਾਂ ਦੇ ਕੰਢਿਆਂ ਜਾਂ ਪਹਾੜਾਂ ਦੀਆਂ ਵਾਦੀਆਂ ਵਿਚ ਹੁੰਦੀਆਂ ਸਨ। ਆਪਣੀ ਕੁਟੀਆ ਦਾ ਆਲਾ-ਦੁਆਲਾ ਉਹ ਰੰਗ-ਬਿਰੰਗੇ ਫੁੱਲਾਂ ਨਾਲ ਸਜਾ ਕੇ ਰੱਖਦੇ। ਉਹ ਇਸ ਫੁਲਵਾੜੀ ਨੂੰ 'ਵਾਟਿਕਾ' ਕਹਿੰਦੇ ਸਨ। ਇਸ ਛੋਟੀ ਜਿਹੀ ਫੁਲਵਾੜੀ ਦੇ ਮਾਹੌਲ ਦਾ ਉਹ ਵਿਹਲੇ ਸਮੇਂ ਆਨੰਦ ਮਾਣਦੇ। ਫੁੱਲਾਂ ਨਾਲ ਕੰਮ ਕਰਦਿਆਂ ਉਹ ਕਾਦਰ ਅਤੇ ਕੁਦਰਤ ਨੂੰ ਬਹੁਤ ਨੇੜੇ ਮਹਿਸੂਸਦੇ ਸਨ। ਸਾਡੇ ਦੇਸ਼ ਵਿਚ ਫੁਲਵਾੜੀਆਂ ਰਾਜੇ ਮਹਾਰਾਜਿਆਂ ਦਾ ਜਾਂ ਸਾਧਾਂ ਸੰਤਾਂ ਦਾ ਸ਼ੌਂਕ ਸੀ। ਆਮ ਵਿਅਕਤੀ ਇਸ ਕੰਮ ਨੂੰ ਫਜ਼ੂਲ ਦਾ ਝੰਜਟ ਹੀ ਸਮਝਦਾ ਸੀ। ਘਰਾਂ ਵਿਚ ਫੁਲਵਾੜੀ ਲਈ ਥਾਂ ਘੱਟ ਵੱਧ ਹੀ ਛੱਡਿਆ ਜਾਂਦਾ ਸੀ। ਬਹੁਤੇ ਲੋਕਾਂ ਦੇ ਘਰ ਛੋਟੇ ਅਤੇ ਵਿਹੜੇ ਕੰਧਾਂ ਨਾਲ ਘਿਰੇ ਹੋਏ ਹੁੰਦੇ ਸਨ। ਪਾਣੀ ਦੀ ਉਪਲਭਤਾ ਕਾਫੀ ਘੱਟ ਸੀ, ਪੀਣ ਅਤੇ ਮੂੰਹ ਹੱਥ ਧੋਣ ਜੋਗਾ ਪਾਣੀ ਹੀ ਮਸਾਂ ਘਰਾਂ ਵਿਚ ਲਿਆਂਦਾ ਜਾਂਦਾ ਸੀ। ਫੇਰ ਵੀ ਮਹਿਕਾਂ ਭਰੇ ਮਨਮੋਹਣੇ ਫੁੱਲਾਂ ਨਾਲ ਹਾਰ-ਸ਼ਿੰਗਾਰ ਕਰਨਾ ਸਾਡੀ ਅਤਿ ਪੁਰਾਣੀ ਸੱਭਿਅਤਾ ਦਾ ਹਿੱਸਾ ਰਿਹਾ ਏ ਜਾਂ ਇਹ ਕਹਿ ਲਓ ਕਿ ਸਾਰੇ ਸੰਸਾਰ ਦੇ ਲੋਕ ਸਦਾ ਤੋਂ ਹੀ ਫੁੱਲਾਂ ਨਾਲ ਪਿਆਰ ਕਰਦੇ ਰਹੇ ਹਨ। ਪ੍ਰਾਹੁਣਿਆਂ ਨੂੰ ਫੁੱਲਾਂ ਦੇ ਹਾਰਾਂ ਨਾਲ ਨਿਵਾਜਣਾ ਸਾਡੀ ਇਕ ਪੁਰਾਤਨ ਰੀਤ ਹੈ।

ਸ਼ਕੁੰਤਲਾ ਨੇ ਸ਼ਾਂਤਨੂੰ ਨੂੰ ਪਹਿਲੀ ਮੁਲਾਕਾਤ ਵੇਲੇ ਫੁੱਲਾਂ ਦੇ ਹਾਰ ਹੀ ਪਾਏ ਸਨ। ਗੁਜਰਾਤੀ ਤੀਵੀਆਂ ਅੱਜਕਲ੍ਹ ਵੀ ਆਪਣੇ ਜੂੜਿਆਂ ਨਾਲ ਕਲੀਆਂ ਟੁੰਗਦੀਆਂ ਹਨ। ਜੇਕਰ ਤਾਜ਼ੇ ਫੁੱਲ ਨਾ ਮਿਲਣ ਤਾਂ ਉਹ ਰੇਸ਼ਮ, ਪਲਾਸਟਿਕ ਜਾਂ ਕਾਗ਼ਜ਼ ਦੇ ਫੁੱਲਾਂ ਨਾਲ ਵਾਲ ਸਜ਼ਾ ਲੈਂਦੀਆਂ ਹਨ। ਪਰ ਘਰੇਲੂ ਬਗੀਚੀ ਦੇ ਰਿਵਾਜ਼ ਦੇ ਸਬੂਤ ਸਾਡੇ ਇਤਿਹਾਸ 'ਚੋਂ ਨਹੀਂ ਮਿਲਦੇ ਜਿਸ ਦੇ ਉਲਟ ਯੂਰਪੀਨ ਲੋਕਾਂ ਵਿਚ ਆਪਣੇ ਘਰ ਦੇ ਅੱਗੇ ਪਿਛੇ ਛੋਟੀ-ਮੋਟੀ ਕਿਆਰੀ ਛੱਡਣ ਦਾ ਰਿਵਾਜ਼ 3000 ਸਾਲ ਤੋਂ ਵੀ ਪੁਰਾਣਾ ਏ। ਯੂਨਾਨੀ ਅਤੇ ਰੋਮਨ ਫੁੱਲਾਂ ਦੇ ਇਤਰ ਦੇ ਬੇਹੱਦ ਸ਼ੌਕੀਨ ਹੁੰਦੇ ਸਨ।

ਫੁੱਲਾਂ ਦਾ ਗੁਲਦਸਤਾ ਮਹਿਬੂਬ ਨੂੰ ਪੇਸ਼ ਕਰਨਾ ਇਕ ਕੀਮਤੀ ਤੋਹਫ਼ੇ ਦੇ ਤੁਲ ਮੰਨਿਆ ਜਾਂਦਾ ਹੈ। ਰੁੱਸੀ ਹੋਈ ਮਹਿਬੂਬਾ ਨੂੰ ਮਨਾਉਣਾ ਹੋਵੇ ਤਾਂ ਇਕ ਖ਼ੂਬਸੂਰਤ ਰੰਗ-ਬਿਰੰਗੇ ਫੁੱਲਾਂ ਦਾ ਗੁਲਦਸਤਾ (ਬੁਕੇ) ਪੇਸ਼ ਕੀਤਾ ਜਾ ਸਕਦਾ ਹੈ। ਫੁੱਲਾਂ ਦੇ ਇਤਰ ਨਾਲ ਦਵਾ ਦਾਰੂ ਬਾਰੇ ਕਈ ਪੁਸਤਕਾਂ ਲਿਖੀਆਂ ਗਈਆਂ ਹਨ। ਫੁੱਲ ਮਨੁੱਖ ਦੀ ਰੂਹ ਨੂੰ ਉਪਰ ਉਛਾਲਦੇ ਨੇ। ਫੁੱਲ ਧਰਤੀ ਦੀਆਂ ਅਤਿ ਰੁਮਾਂਚਿਕ ਕਵਿਤਾਵਾਂ ਹਨ।

ਅੱਜਕਲ੍ਹ ਸਾਡੇ ਦੇਸ਼ ਵਿਚ ਵੀ ਘਰੇਲੂ ਫੁਲਵਾੜੀ ਹਰਮਨ ਪਿਆਰੀ ਹੋ ਰਹੀ ਹੈ ਉਂਜ ਪਿੰਡਾਂ ਵਿਚ ਘਰੇਲੂ ਫੁਲਵਾੜੀ ਦੇ ਚਿੰਨ੍ਹ ਅਜੇ ਤੀਕ ਵੀ ਆਮ ਨਹੀਂ ਮਿਲਦੇ। ਫਿਰ ਵੀ ਫੁੱਲਾਂ-ਬੂਟਿਆਂ ਅਤੇ ਫਲਦਾਰ ਰੁੱਖਾਂ ਦੀਆਂ ਪਨੀਰੀਆਂ ਦੀ ਗਿਣਤੀ ਆਏ ਦਿਨ ਵਧ ਰਹੀ ਹੈ, ਜਿਹੜਾ ਫੁੱਲ ਅਤੇ ਰੁੱਖ-ਪਿਆਰਿਆਂ ਲਈ ਹੌਂਸਲਾ ਅਫ਼ਜ਼ਾਈ ਭਰਿਆ ਤੱਥ ਹੈ। ਫੁੱਲਾਂ ਦੀਆਂ ਦੁਕਾਨਾਂ ਸਾਡੇ ਸ਼ਹਿਰਾਂ ਵਿਚ ਆਮ ਖੁਲ੍ਹ ਗਈਆਂ ਹਨ ਜਿਥੋਂ ਹਰ ਤਰ੍ਹਾਂ ਦੇ ਫੁੱਲ ਸਾਰੇ ਸਮਾਜਿਕ ਮੌਕਿਆਂ ਲਈ ਮਿਲ ਸਕਦੇ ਹਨ।

ਪ੍ਰਦੂਸ਼ਣ ਰਹਿਤ ਘਰੇਲੂ ਫੁਲਵਾੜੀ ਦੇ ਜਨਮ ਦੀ ਮੈਂ ਅਜੇ ਉਡੀਕ ਵਿਚ ਹਾਂ। ਆਪਣੇ ਘਰ ਅਸੀਂ ਕਿਸੇ ਕਿਸਮ ਦੇ ਜ਼ਹਿਰੀਲੇ ਰਸਾਇਣਾਂ ਦਾ ਛਿੜਕਾ ਨਹੀਂ ਕਰਦੇ ਅਤੇ ਰਸਾਇਣਿਕ ਖਾਦ ਦੀ ਵਰਤੋਂ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਦੇ ਹਾਂ। ਘਰੇਲੂ ਫੁਲਵਾੜੀ ਮਨੁੱਖ ਅਤੇ ਕੁਦਰਤ ਦੀ ਸਾਂਝ ਦੀ ਪੂਰਣ ਤਸਵੀਰ ਏ। ਸਾਡੇ ਵਾਤਾਵਰਣ ਦਾ ਇਹ ਛੋਟਾ ਜਿਹਾ ਹਿੱਸਾ ਸਾਡੇ ਲਈ ਅਤੇ ਹੋਰ ਬਹੁਤ ਸਾਰੇ ਜੀਵ-ਜੰਤੂਆਂ ਲਈ ਲਾਹੇਵੰਦ ਸਿੱਧ ਹੋ ਸਕਦਾ ਹੈ। ਪਰ ਫੁਲਵਾੜੀ ਪ੍ਰਤੀ ਸਾਡੀ ਪਹੁੰਚ ਜਾਬਰਾਨਾ ਤੇ ਤਾਨਾਸ਼ਾਹੀ ਵਾਲੀ ਨਹੀਂ ਹੋਣੀ ਚਾਹੀਦੀ ਕਿਉਂਕਿ ਜ਼ਾਲਮਾਂ ਦਾ ਆਪਣਾ ਅੰਤ ਵੀ ਕੋਈ ਬਹੁਤ ਖ਼ੁਸ਼ਗਵਾਰ ਨਹੀਂ ਹੁੰਦਾ। ਅਸੀਂ ਜੇਕਰ ਆਪਣੇ ਆਲੇ-ਦੁਆਲੇ ਨੂੰ ਤਰ੍ਹਾਂ-ਤਰ੍ਹਾਂ ਦੇ ਕੀਟਨਾਸ਼ਕਾਂ, ਨਦੀਣਨਾਸ਼ਕਾਂ ਅਤੇ ਰਸਾਇਣਿਕ ਖਾਦਾਂ ਨਾਲ ਜ਼ਹਿਰੀਲਾ ਬਣਾ ਲਵਾਂਗੇ ਤਾਂ ਓਸੇ ਜ਼ਹਿਰ ਨਾਲ ਹੀ ਸਾਡਾ ਅੰਤ ਹੋਵੇਗਾ। ਮੈਂ ਫੁਲਵਾੜੀ ਵਿਚ ਕੰਮ ਕਰਦਿਆਂ ਸਭ ਦੁਨੀਆਂ ਦੇ ਸਭ ਫਿਕਰ ਭੁੱਲ ਜਾਂਦਾ ਹਾਂ ਅਤੇ ਆਪਣੇ ਆਪ ਨੂੰ ਉਸ ਅਕਾਲ ਪੁਰਖ ਦੇ ਅਤਿਅੰਤ ਨੇੜੇ ਮਹਿਸੂਸ ਕਰਦਾ ਹਾਂ। ਫੁਲਵਾੜੀ ਵਿਚ ਛੋਟੇ ਮੋਟੇ ਕੰਮ ਕਰਦਿਆਂ ਮੈਨੂੰ ਥਕਾਵਟ ਮਹਿਸੂਸ ਨਹੀਂ ਹੁੰਦੀ। ਮਾਨਸਿਕ ਅਤੇ ਸਰੀਰਕ ਸੰਤੁਲਨ ਕਾਇਮ ਤੇ ਸਥਿਰ ਰੱਖਣ ਲਈ ਬਗੀਚੀ ਵਿਚ ਕੰਮ ਕਰਨ ਨਾਲੋਂ ਹੋਰ ਕੋਈ ਚੰਗਾ ਕੰਮ ਨਜ਼ਰ ਨਹੀਂ ਆਉਂਦਾ। ਧਰਤੀ ਅਤੇ ਫੁੱਲਾਂ ਨਾਲ ਦੋਸਤੀ ਨਾ ਕੇਵਲ ਆਪਣੀ ਆਤਮਾ ਨਾਲ ਮਿੱਤਰਤਾ ਦੇ ਤੁਲ ਏ ਬਲਕਿ ਸਾਰੀ ਕਾਇਨਾਤ ਤੁਸਾਂ ਦੀ ਹੋ ਕੇ ਰਹਿ ਜਾਂਦੀ ਹੈ। ਇਕ ਸ਼ਰਤ ਏ ਕਿ ਘਰੇਲੂ ਫੁਲਵਾੜੀ ਆਰਥਿਕ ਲਾਭ ਹਾਨ ਤੋਂ ਰਹਿਤ ਹੋਵੇ।

70ਵਿਆਂ ਦੀ ਗੱਲ ਹੈ, ਮੈਂ ਆਪਣੇ ਘਰ ਦੇ ਮੂਹਰਲੇ ਬਗੀਚੇ ਵਿਚ ਫੁੱਲ ਲਾ ਰਿਹਾ ਸਾਂ। ਮੇਰੇ ਬਜ਼ੁਰਗ ਮਾਮਾ ਜੀ ਜਿਹੜੇ ਹਰ ਕੰਮ ਪੈਸਿਆਂ ਲਈ ਕਰਦੇ ਸਨ, ਆ ਗਏ ਤੇ ਕੰਧ ਉਤੇ ਬੈਠਦਿਆਂ ਆਖਣ ਲੱਗੇ, "ਦੱਸ ਬਈ ਰਾਮ ਸਿਆਂ! ਕੀ ਕਰੀ ਜਾਨੈ!" ਮੈਂ ਕਿਹਾ, "ਜੀ ਕੁਝ ਨਵੇਂ ਫੁੱਲ ਲਾ ਰਿਹਾ ਅਤੇ ਬਾਕੀ ਦਿਆਂ ਨੂੰ ਗੁਡ ਰਿਹਾਂ।" "ਓਏ ਪਾਗਲਾ! ਇਨ੍ਹਾਂ ਨੂੰ ਕੋਈ ਅੰਬ ਲੱਗਣੇ ਨੇ, ਕੋਈ ਕੰਮ ਕਰਿਆ ਕਰ, ਜਿਸ ਵਿਚੋਂ ਕੁਝ ਨਿਕਲੇ। ਸਰਕਾਰੀ ਡਿਊਟੀ ਉਪਰੰਤ ਤੇਰੇ ਪਾਸ ਜਿੰਨਾ ਸਮਾਂ ਹੁੰਦਾ ਏ ਤੂੰ ਅਜਾਈਂ ਗੁਆ ਛੱਡਦਾ ਏਂ। ਉਲਟਾ ਫੁੱਲਾਂ ਬੂਟਿਆਂ 'ਤੇ ਖਰਚ ਵੀ ਕਰਦਾ ਏਂ। ਪੈਸੇ ਹੋਣਗੇ ਤਾਂ ਕਦੀ ਔਖੇ ਵੇਲੇ ਕੰਮ ਆਉਣਗੇ।"

ਮੈਂ ਕਿਹਾ, "ਮਾਮਾ ਜੀ! ਮੈਨੂੰ ਤੁਸੀਂ ਪਾਗਲ ਹੀ ਸਮਝੋਗੇ ਕਿਉਂਕਿ ਮੈਂ ਆਪਣੇ ਦਿਨ ਸੋਨੇ ਚਾਂਦੀ ਲਈ ਨਹੀਂ ਵੇਚਦਾ। ਮੇਰੀ ਨੌਕਰੀ ਮੇਰੇ ਗੁਜ਼ਾਰੇ

ਲਈ ਕਾਫੀ ਏ ਅਤੇ ਮੈਨੂੰ ਹੋਰ ਵਧੇਰੇ ਮਾਇਆ ਦੀ ਲੋੜ ਨਹੀਂ ਅਤੇ ਦੂਜੀ ਗੱਲ ਰਹੀ ਔਖੇ ਵੇਲੇ ਦੀ, ਜੇ ਕਦੀ ਸਮੇਂ ਦੀਆਂ ਕਣੀਆਂ ਮੈਨੂੰ ਭਿਉਂ ਵੀ ਦੇਣਗੀਆਂ ਤਾਂ ਕਿਹੜਾ ਕਹਿਰ ਆਜੂ !" ਉਹ ਚੁੱਪ ਹੋ ਗਏ।

ਮੈਂ ਉਨ੍ਹਾਂ ਨੂੰ ਇਕ ਬਰਾਂਡੀ ਦੀ ਗਲਾਸੀ ਦਿੱਤੀ ਤੇ ਆਪ ਫੁੱਲਾਂ ਨਾਲ ਕੰਮ ਕਰਦਾ ਰਿਹਾ। ਥੋੜ੍ਹੇ ਚਿਰ ਬਾਦ ਉਹ ਟਹਿਕ ਪਏ ਅਤੇ ਆਖਣ ਲੱਗੇ, "ਬਈ ਤੇਰਾ ਘਰ ਇਨ੍ਹਾਂ ਫੁੱਲਾਂ ਕਰਕੇ ਲੱਗਦਾ ਤਾਂ ਸੱਚੀਂ ਸੋਹਣਾ ਏ।" ਅਸੀਂ ਅੰਦਰ ਚਲੇ ਗਏ ਤੇ ਇਸ ਵਿਸ਼ੇ ਦਾ ਨਾਲ ਈ ਭੋਗ ਪੈ ਗਿਆ।

ਇਕ ਪ੍ਰਸਿੱਧ ਅਮਰੀਕਨ ਅਭਿਨੇਤਰੀ ਸ੍ਰੀਮਤੀ ਮਿਨੀਵਰ ਨੂੰ ਲੋਕੀਂ 'ਗੁਲਾਬ ਵਾਲੀ ਅਭਿਨੇਤਰੀ' ਕਹਿੰਦੇ ਸਨ। ਉਸ ਦਾ ਕਹਿਣਾ ਸੀ ਕਿ 1942 ਤੋਂ 1945 ਤੀਕ ਦੇ ਭਿਆਨਕ ਵੱਡੀ ਜੰਗ ਦੇ ਸਮੇਂ ਦੀਆਂ ਸਮੱਸਿਆਵਾਂ ਵਿਚੋਂ ਦੀ ਕਾਮਯਾਬੀ ਨਾਲ ਗੁਜ਼ਰਨਾ ਅਤੇ ਉਨ੍ਹਾਂ ਨਾਲ ਨਜਿੱਠਣਾ ਉਸ ਨੇ ਆਪਣੀ ਗੁਲਾਬ ਦੀ ਫੁਲਵਾੜੀ ਤੋਂ ਸਿੱਖਿਆ ਸੀ। ਉਹ ਗੁਲਾਬ ਦੀ ਰਾਣੀ ਆਪਣੀ ਫੁਲਵਾੜੀ ਵਿਚ ਕਿਸੇ ਵੀ ਕਿਸਮ ਦੀ ਰਸਾਇਣਿਕ ਖਾਦ ਨਹੀਂ ਸੀ ਪਾਉਂਦੀ ਪਰ ਅੱਜ ਦੀ ਮੈਡਮ ਮਿਨੀਵਰ ਫੁਲਵਾੜੀ ਵਿਚ ਵੱਡੇ ਸਾਰੇ ਹਰੇ ਹੈਟ ਅਤੇ ਫੁੱਲਾਂ ਵਾਲੀ ਫਰਾਕ ਪਹਿਨ ਆਪਣੀ ਫੁਲਵਾੜੀ ਦੀ ਦੇਖਭਾਲ ਜਿਵੇਂ ਕਰੇਗੀ ਉਹ ਕੁਝ ਇਸ ਤਰ੍ਹਾਂ ਏ।

ਅਜੋਕੀ ਮੈਡਮ ਮਿਨੀਵਰ ਦੀ ਤਸੱਲੀ ਨਹੀਂ ਹੁੰਦੀ ਜੇ ! ਉਸ ਨੂੰ ਦੂਜੇ ਚੱਕਰ ਵੇਲੇ ਕੁਝ ਕੁ ਫੁੱਲਾਂ ਦੇ ਪੌਦਿਆਂ ਉਤੇ ਐਫਿਡ ਅਤੇ ਤੇਲਾ ਨਜ਼ਰ ਆਉਂਦਾ ਏ। ਉਸਦੇ ਮੱਥੇ 'ਤੇ ਤਿਊੜੀਆਂ ਪੈਂਦੀਆਂ ਨੇ ਤੇ ਅੱਖਾਂ ਖ਼ੂਨ ਉਗਲਦੀਆਂ ਨੇ, ਜਬਾੜਾ ਘੁੱਟਿਆ ਜਾਂਦਾ ਹੈ, ਦੰਦ ਕਰੀਚਦੀ ਉਹ ਸ਼ੈਡ ਵਿਚੋਂ ਤੇਲਾ ਅਤੇ ਐਫਿਡ ਮਾਰ ਜ਼ਹਿਰ ਭਰਿਆ ਕੈਨ ਕੱਢ ਲਿਆਉਂਦੀ ਹੈ। ਨਾਲ ਹੀ ਪੰਜ-ਚਾਰ ਵਰ੍ਹਿਆਂ ਦੀ ਓਹਦੀ ਧੀ ਵੀ ਫੁਲਵਾੜੀ ਵਿਚ ਆਣ ਵੜਦੀ ਏ। ਮੈਡਮ ਸਮੂਹ ਫੁੱਲ-ਬੂਟਿਆਂ ਨੂੰ ਇਸ ਜ਼ਹਿਰ ਨਾਲ ਨੁਹਾ ਛੱਡਦੀ ਏ। ਇਸ ਛਿੜਕਾਅ ਦੀ ਬਰੀਕ ਭੂਰ ਓਹਦੀ ਬੱਚੀ 'ਤੇ ਵੀ ਪੈਂਦੀ ਏ ਅਤੇ ਨੇੜੇ ਬੀਜੇ ਮੂਲੀਆਂ, ਸ਼ਲਗਮਾਂ ਅਤੇ ਸਾਗ ਤੇ ਵੀ। ਉਸ ਨੂੰ ਯਕੀਨ ਹੈ ਕਿ ਇਹ ਛਿੜਕਾਅ ਉਸ 'ਤੇ ਜਾਂ ਉਸ ਦੀ ਧੀ 'ਤੇ ਕੋਈ ਭੈੜਾ ਅਸਰ ਨਹੀਂ ਕਰੇਗਾ ਪਰ ਹੁੰਦਾ ਏਸ ਦੇ ਉਲਟ ਹੈ। ਧੀ ਦੇ ਗੁਰਦੇ ਖਰਾਬ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਮੈਡਮ ਮਿਹਦੇ ਤੇ ਦਮੇ ਦਾ ਰੋਗ ਸਹੇੜ ਲੈਂਦੀ ਹੈ। ਤੇਲਾ ਅਤੇ ਐਫ਼ਿਡ ਇਕ ਵਾਰ ਤਾਂ ਨਸ਼ਟ ਹੋ ਗਿਆ ਜਾਪਦਾ ਏ ਪਰ ਉਸ ਦੀ ਅਗਲੀ ਪੀੜ੍ਹੀ ਹੋਰ ਵਧੇਰੇ ਤਾਕਤਵਰ ਹੋ ਸਾਹਮਣੇ ਆਉਂਦੀ ਏ ਅਤੇ ਇਸ ਪੀੜ੍ਹੀ 'ਤੇ ਇਨ੍ਹਾਂ ਦਵਾਈਆਂ ਦਾ ਕੋਈ ਅਸਰ ਨਹੀਂ ਹੁੰਦਾ।

ਪਰ ਮੈਡਮ ਜੇਕਰ ਥੋੜ੍ਹਾ ਜਿੰਨਾ ਜਿਗਰਾ ਕਰਦੀ ਤਾਂ ਹੋ ਸਕਦਾ ਸੀ ਕਿ ਤੇਲਾ ਅਤੇ ਐਫਿਡ ਉਂਜ ਹੀ ਅਲੋਪ ਹੋ ਜਾਂਦਾ ਜਾਂ ਤੇਲੇ ਨੂੰ ਖਾਣ ਵਾਲੇ ਪੰਛੀ ਅਤੇ ਲਾਲ ਭੂੰਡੀਆਂ ਆਦਿ ਇਸ ਨੂੰ ਖਤਮ ਕਰ ਦੇਂਦੇ। ਸਾਬਣ ਦੇ ਘੋਲ ਦੇ ਛਿੜਕਾਅ ਨਾਲ ਵੀ ਤੇਲਾ ਅਤੇ ਐਫਿਡ ਮਾਰਿਆ ਜਾ ਸਕਦਾ ਸੀ। ਓਹਦੀ ਧੀ ਅਤੇ ਉਹ ਖੁਦ ਵੀ ਸਿਹਤਮੰਦ ਰਹਿ ਸਕਦੀਆਂ ਸਨ ਜੋ ਕਿ ਵਧੀਆ ਫੁੱਲਾਂ ਦੇ ਨਾਲ ਉਨ੍ਹਾਂ ਨੂੰ ਮਿਲਿਆ ਹੋਇਆ ਝੂੰਗਾ ਹੁੰਦਾ।

ਮੈਨੂੰ ਹੈਰਾਨੀ ਹੁੰਦੀ ਹੈ ਵੇਖ ਕੇ ਉਨ੍ਹਾਂ ਲੋਕਾਂ ਨੂੰ ਜਿਹੜੇ ਗੰਡੋਇਆਂ ਅਤੇ ਧਰਤ ਘੁਮਿਆਰਾਂ ਨੂੰ ਵੇਖ ਕੇ ਰਾਜ਼ੀ ਨਹੀਂ। "ਲਾਅਨ ਵਿਚ ਖਰਾਬੀ ਕਰਦੇ ਨੇ ਜੀ ਇਹ ਅਤੇ ਰਸਤੇ ਵਿਚ ਪੈਰਾਂ ਹੇਠ ਵੀ ਆਉਂਦੇ ਨੇ। ਬੜੇ ਗੰਦੇ ਨੇ ਜੀ ! ਇਹ ਰੀਂਘਦੇ ਫਿਰਦੇ ਸਾਨੂੰ ਨਹੀਂ ਸੁਖਾਉਂਦੇ।" ਕੀਟਨਾਸ਼ਕਾਂ ਨਾਲ ਇਨ੍ਹਾਂ ਦੋਸਤਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਜਾਂਦਾ ਹੈ। ਇਹ ਧਰਤੀ ਨੂੰ ਪੋਲਿਆਂ ਹੀ ਨਹੀਂ ਕਰਦੇ ਸਗੋਂ ਆਪ ਧਰਤੀ ਅਤੇ ਖੇਤ ਲਈ ਵਧੀਆ ਖਾਦ ਬਣਾਉਂਦੇ ਨੇ। ਆਖਰ ਨੂੰ ਏਨਾਂ ਦਾ ਵਜੂਦ ਵੀ ਧਰਤੀ ਵਿਚ ਹੀ ਮਿਲ ਜਾਂਦਾ ਹੈ ਜੋ ਕਿ ਧਰਤੀ ਨੂੰ ਹੋਰ ਜ਼ਿਆਦਾ ਜ਼ਰਖੇਜ਼ ਕਰਦਾ ਏ। ਘਾਹ ਨੂੰ ਛੋਟੀ ਹੱਥ ਹੈਰੋ ਫੇਰਨੀ ਚਾਹੀਦੀ ਏ ਤਾਂ ਕਿ ਗਡੋਇਆਂ ਆਦਿ ਨੂੰ ਹਵਾ ਮਿਲ ਸਕੇ ਅਤੇ ਘਾਹ ਦੀਆਂ ਜੜ੍ਹਾਂ ਵੀ ਪੋਲੀਆਂ ਰਹਿਣ ਜਿਸ ਨਾਲ ਬਾਗ ਜਾਂ ਫੁਲਵਾੜੀ ਵਧੇਰੇ ਹਰੀ ਭਰੀ ਅਤੇ ਸੰਘਣੀ ਹੋਵੇਗੀ। ਪਰ ਅਸੀਂ ਅੱਜ ਦੀ ਮੈਡਮ ਮਿਨੀਵਰ ਵਾਂਗ ਕੀਟਨਾਸ਼ਕ, ਨਦੀਣ ਨਾਸ਼ਕ, ਉੱਲੀ ਨਾਸ਼ਕ ਜ਼ਹਿਰਾਂ ਅਤੇ ਰਸਾਇਣਕ ਖਾਦਾਂ ਦੀ ਇਸ਼ਤਿਹਾਰਬਾਜ਼ੀ ਬੜੇ ਧਿਆਨ ਨਾਲ ਵੇਖਦੇ ਹਾਂ ਅਤੇ ਬਗੀਚੀ ਦੀਆਂ ਸਾਰੀਆਂ ਸਮੱਸਿਆਵਾਂ ਇਨ੍ਹਾਂ ਰਾਹੀਂ ਹੱਲ ਕਰਨ ਦਾ ਯਤਨ ਕਰਦੇ ਹਾਂ।

ਗਾਜਰਾਂ ਨੂੰ ਇਕ ਰੋਗ ਲੱਗਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ ਕ੍ਰੋਟ ਫਲਾਈ ਜਾਂ ਪੰਜਾਬੀ ਵਿਚ ਸਿਵੀਂ ਕਹਿੰਦੇ ਹਨ। ਅੱਜਕਲ੍ਹ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਇਸ ਕੰਮ ਲਈ ਕੀਤੀ ਜਾਂਦੀ ਹੈ। ਇਸ ਦੀ ਸਪਰੇਅ ਨਾਲ ਗਰਭ ਵਿਚ ਬੱਚਿਆਂ ਉਤੇ ਵੀ ਭੈੜਾ ਅਸਰ ਹੁੰਦਾ ਹੈ। ਸੰਸਾਰ ਦੇ ਕਈ ਦੇਸ਼ਾਂ ਨੇ ਇਸ ਦੀ ਵਰਤੋਂ ਕਾਨੂੰਨੀ ਬੰਦ ਕਰ ਦਿੱਤੀ ਏ।

**ਮਿੱਤਰ ਕੀੜਿਆਂ ਤੇ ਪੰਛੀਆਂ ਦੀ ਲੋੜ** - ਵਰਤਮਾਨ ਦੀ ਮੈਡਮ ਮਿਨੀਵਰ ਜਾਂ ਮਾਲੀ ਨੂੰ ਗਿਆਨ ਨਹੀਂ ਕਿ ਤੇਲਿਆਂ ਆਦਿ ਨੂੰ ਨਸ਼ਟ ਕਰਨ ਦੀ ਲੋੜ ਨਹੀਂ ਏ ਕਿਉਂਕਿ ਜਿਥੇ ਤੇਲਾ ਹੋਵੇਗਾ ਉਥੇ ਓਸ ਨੂੰ ਖਾਣ ਵਾਲੇ ਹੋਰ ਕੀੜੇ ਅਤੇ ਪੰਛੀ ਵੀ ਪੁੱਜ ਜਾਣਗੇ ਆਮ ਧਾਰਨਾ ਹੈ ਕਿ ਬਹੁਤੇ ਕੀੜੇ ਫੁੱਲਾਂ ਫਲਾਂ ਲਈ ਹਾਨੀਕਾਰਕ ਨੇ ਜੇਕਰ ਕਿਧਰੇ ਕੁਝ ਇਕ ਲਾਭਦਾਇਕ ਵੀ ਹੋਣ ਤਾਂ ਵੀ ਉਨ੍ਹਾਂ ਨੂੰ ਜਾਨਣ ਦੇ ਯਤਨ ਕਰਨਾ ਵਕਤ ਜਾਇਆ ਕਰਨ ਦੇ ਬਰਾਬਰ ਹੈ। ਸੋ ਕਿਉਂ ਨਾ ਸਭ ਦਾ ਸਫਾਇਆ ਹੀ ਕਰ ਦਿੱਤਾ ਜਾਵੇ। ਸਮੂਹ ਜੀਵਾਂ ਦੀ ਹੋਂਦ ਇਕ ਦੂਜੇ 'ਤੇ ਨਿਰਭਰ ਹੈ ਅਤੇ ਅਸੀਂ ਸਾਰੇ ਹਾਨੀਕਾਰਕ ਕੀੜਿਆਂ ਨੂੰ ਕਦੀ ਵੀ ਪੂਰੀ ਤਰ੍ਹਾਂ ਨਸ਼ਠ ਨਹੀਂ ਕਰ ਸਕਦੇ। ਜੇਕਰ ਕੁਦਰਤੀ ਸੰਤੁਲਨ ਵਿਗੜ ਜਾਵੇ ਤਾਂ ਸਥਿਤੀ ਉਤੇ ਕਾਬੂ ਪਾਉਣ ਖਾਤਰ ਇਨ੍ਹਾਂ ਕੀੜਿਆਂ ਦਾ ਪੂਰਾ ਸਰਵੇਖਣ ਕਰਨਾ ਬਣਦਾ ਹੈ। ਮੁਕੰਮਲ ਪੁਣ ਛਾਣ ਉਪਰੰਤ ਹੀ ਕੋਈ ਉਚਿਤ ਕਦਮ ਚੁੱਕਣਾ ਚਾਹੀਦਾ ਹੈ। ਜੇਕਰ ਸਥਿਤੀ ਫੇਰ ਵੀ ਕਾਬੂ ਵਿਚ ਨਾ ਆਵੇ ਅਤੇ ਰਸਾਇਣਕ ਛਿੜਕਾਅ ਜਾਂ ਧੂੜੇ ਦੀ ਲੋੜ ਜ਼ਰੂਰੀ ਹੋ ਜਾਵੇ ਤਾਂ ਸੰਕੋਚ ਨਾਲ ਵਰਤੋਂ ਕਰਨੀ ਚਾਹੀਦੀ ਹੈ। ਪਰ ਰਸਾਇਣਿਕ ਜ਼ਹਿਰਾਂ ਦੀ ਵਰਤੋਂ ਰਹਿਤ ਇਲਾਜ ਨੇ ਜਿਵੇਂ ਕਿ ਫਸਲਾਂ ਦੀ ਬਿਜਾਈ ਦੀ ਅਗੇਤ-ਪਛੇਤ ਨਾਲ ਕਈ ਰੋਗ ਲੱਗਦੇ ਹੀ ਨਹੀਂ।

**ਫਸਲਾਂ ਨੂੰ ਰਲਾ ਕੇ ਬੀਜਣਾ** - ਕਈ ਸਬਜ਼ੀਆਂ ਤੇ ਫੁੱਲਾਂ ਦੀ ਮਿਲਾਵਟੀ ਬਿਜਾਈ ਕਰਨ ਨਾਲ ਬਹੁਤ ਸਾਰੇ ਰੋਗ ਨਹੀਂ ਲੱਗਦੇ। ਜਿਵੇਂ ਲੱਸਣ ਜਾਂ ਗਾਜਰਾਂ ਵਿਚ ਸਦਬਰਗ। ਗਾਜਰਾਂ ਨੂੰ ਲੱਸਣ ਅਤੇ ਸਦਬਰਗ ਸਿਵੀ ਤੋਂ ਬਚਾਉਂਦੇ ਨੇ। ਗੁਲਦਾਉਦੀ ਨੇੜੇ ਐਫਿਡ ਅਤੇ ਹਰਾ ਤੇਲਾ ਘੱਟ ਆਉਂਦਾ ਏ। ਫੁੱਲਾਂ ਉਤੇ ਭੌਰੇ ਆਉਂਦੇ ਨੇ ਡੇਮੂ ਅਤੇ ਬਡਿਆਲ ਵੀ ਆਉਂਦੇ ਹਨ। ਉਹ ਕਈ ਕਿਸਮ ਦੇ ਕੀੜਿਆਂ ਨੂੰ ਖਾਂਦੇ ਹਨ।

ਘਰੇਲੂ ਫੁਲਵਾੜੀ ਵਿਚੋਂ ਕਈ ਤਰ੍ਹਾਂ ਦੇ ਹਾਨੀਕਾਰਕ ਜੀਵ ਹੱਥੀਂ ਵੀ ਮਾਰੇ ਜਾ ਸਕਦੇ ਹਨ ਜਿਵੇਂ ਕਿ ਕੁਤੜਾ। ਜੇ ਧਿਆਨ ਰੱਖਿਆ ਜਾਵੇ ਅਤੇ ਜਦ ਤੀਕ ਇਨ੍ਹਾਂ ਦੀ ਗਿਣਤੀ ਹੱਦ ਅੰਦਰ ਹੋਵੇ ਇਨਾਂ ਨੂੰ ਹੱਥੀਂ ਮਾਰ ਸੁੱਟਣਾ

ਜਾਂ ਦਬਾਅ ਦੇਣ ਵਿਚ ਕੋਈ ਗੁਨਾਹ ਨਹੀਂ।

50-60 ਸਾਲ ਦੀ ਉਮਰ ਵਾਲੇ ਸਾਰੇ ਕਿਸਾਨਾਂ ਅਤੇ ਮਾਲੀਆਂ ਨੂੰ ਯਾਦ ਹੋਵੇਗਾ ਕਿ ਜਦੋਂ ਕੋਈ ਕੀਟਨਾਸ਼ਕ, ਨਦੀਨ ਨਾਸ਼ਕ ਅਤੇ ਉਲੀ ਨਾਸ਼ਕ ਜ਼ਹਿਰਾਂ ਦੀ ਵਰਤੋਂ ਨਹੀਂ ਸੀ ਕਰਦਾ ਸਾਰੇ ਫਲ ਫਰੂਟ ਅਤੇ ਸਬਜ਼ੀਆਂ ਜਾਂ ਫੁੱਲ ਆਦਿ ਮਰ ਨਹੀਂ ਸੀ ਜਾਂਦੇ। ਲੋਕ ਨੀਲੇ ਥੋਥੇ ਦੇ ਘੋਲ ਨਾਲ ਆਲੂਆਂ ਦੀ ਬਲਾਈਟ ਦਾ ਇਲਾਜ ਕਰ ਲੈਂਦੇ ਸਨ। ਸਾਬਣ ਦੇ ਘੋਲ ਨਾਲ ਐਫ਼ਿਡ ਤੋਂ ਛੁਟਕਾਰਾ ਪਾਇਆ ਜਾ ਸਕਦਾ ਸੀ। ਕਿਸੇ ਫਸਲ ਲਈ ਕੋਈ ਸਾਲ ਹਾਨੀ ਦਾ ਹੋਵੇ ਤਾਂ ਦੂਜੀ ਓਸ ਦੀ ਘਾਟ ਪੂਰੀ ਕਰ ਦਿੰਦੀ ਸੀ। ਅਸੀਂ ਜ਼ਹਿਰਾਂ ਦੇ ਚੱਕਰ ਵਿਚ ਫਸ ਗਏ ਹਾਂ ਅਤੇ ਇਕ ਕਿਸਮ ਦੇ ਪਟੇ ਉਤੇ ਸਵਾਰ ਹਾਂ ਜਿਸ ਦੀ ਸਪੀਡ ਆਏ ਦਿਨ ਵਧ ਰਹੀ ਹੈ ਅਤੇ ਜਿਸ ਉਤੋਂ ਉਤਰਨਾ ਜ਼ਰੂਰੀ ਏ। ਪਹਿਲਾਂ ਪਹਿਲ ਤੇਜ਼ ਰਫ਼ਤਾਰ ਪਟੇ ਤੋਂ ਉਤਰਨ ਲੱਗਿਆਂ ਸਾਨੂੰ ਡਰ ਜ਼ਰੂਰ ਲੱਗੇਗਾ ਕਿ ਅਸੀਂ ਡਿੱਗ ਸਕਦੇ ਹਾਂ ਪਰ ਉਤਰਨਾ ਤੇ ਪੈਣਾ ਹੀ ਹੈ ਆਖਰ ਨੂੰ।

ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਕਾਰਨ ਪੌਦਿਆਂ ਵਿਚ ਸ਼ਕਤੀ ਘੱਟ ਜਾਂਦੀ ਹੈ ਅਤੇ ਹੌਲੀ-ਹੌਲੀ ਉਹ ਅਮਲ ਉਤੇ ਲੱਗ ਜਾਂਦੇ ਹਨ। ਇਹੀ ਰਸਾਇਣ ਖੁਰਾਕੀ ਲੜੀ ਦੁਆਰਾ ਆਖਰ ਨੂੰ ਸਾਡੇ ਸਰੀਰ ਵਿਚ ਦਾਖਲ ਹੋ ਜਾਂਦੇ ਹਨ।

ਘਰੇਲੂ ਫੁਲਵਾੜੀ ਸਿਰਫ਼ ਜ਼ਿਆਦਾ ਪੈਦਾਵਾਰ ਅਤੇ ਸੁੰਦਰਤਾ ਖਾਤਰ ਹੀ ਨਹੀਂ ਹੋਣੀ ਚਾਹੀਦੀ ਸਗੋਂ ਇਸ ਦਾ ਉਦੇਸ਼ ਰਿਹਾਇਸ਼ੀ ਵਾਤਾਵਰਨ ਨੂੰ ਸਿਹਤਮੰਦ ਬਣਾਉਣਾ ਲੋੜੀਂਦਾ ਏ। ਰਸਾਇਣਕ ਵਸਤੂਆਂ ਦੀ ਵਰਤੋਂ ਸਾਡੀ ਭੋਂ ਨੂੰ ਦਿਨ-ਬ-ਦਿਨ ਜ਼ਹਿਰੀਲਾ ਕਰੀ ਜਾ ਰਹੀ ਹੈ ਅਤੇ ਇਸ ਦੀ ਸਿਹਤ ਵਾਸਤੇ ਜ਼ਰੂਰੀ ਬੈਕਟੀਰੀਆਂ ਰੋਜ਼-ਬਰੋਜ਼ ਘੱਟ ਰਹੇ ਹਨ। ਭੋਂ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਇਸ ਬੈਕਟੀਰੀਆ ਦਾ ਸੰਤੁਲਿਤ ਰਹਿਣਾ ਜ਼ਰੂਰੀ ਹੈ।

**ਜੈਵਿਕ ਫੁਲਵਾੜੀ ਦਾ ਆਰੰਭ** - ਇਹ ਕੋਈ ਔਖਾ ਕੰਮ ਨਹੀਂ। ਕੋਈ ਨਵਾਂ ਪ੍ਰਾਜੈਕਟ ਆਰੰਭਣ ਲਈ ਮਨ ਬਣਾਉਣਾ ਪੈਂਦਾ ਹੈ। ਉਸ ਉਪਰੰਤ ਵਿਉਂਤ ਘੜੀ ਜਾਂਦੀ ਹੈ। ਇਸ ਕਾਰਜ ਲਈ ਲੰਮੀ ਚੌੜੀ ਵਿਉਂਤਬੰਦੀ ਦੀ ਲੋੜ ਨਹੀਂ ਪੈਂਦੀ। ਇਕੋ ਗੱਲ ਚੇਤੇ ਰੱਖਣੀ ਜ਼ਰੂਰੀ ਹੈ ਕਿ ਰਸਾਇਣਿਕ ਖਾਦ, ਕੀਟਨਾਸ਼ਕ ਜਾਂ ਉਲੀ ਨਾਸ਼ਕ ਨੂੰ ਫੁਲਵਾੜੀ ਜਾਂ ਘਰੇਲੂ ਬਗੀਚੀ ਵਿਚੋਂ ਪੂਰੀ ਤਰ੍ਹਾਂ ਖਾਰਜ ਕਰ ਛੱਡਣਾ ਏ ਪਰ ਕੁਦਰਤੀ ਕੀਟਨਾਸ਼ਕ ਦਵਾਈ ਵਰਤਣੀ ਮਨ੍ਹਾਂ ਨਹੀਂ। ਹੇਠ ਲਿਖੇ ਸਾਰੇ ਮਿਸ਼ਰਣ ਵਰਤੇ ਜਾ ਸਕਦੇ ਹਨ :

1. **ਪਸ਼ੂਆਂ ਦਾ ਗੋਹਾ** - ਇਹ ਪੂਰੀ ਤਰ੍ਹਾਂ ਗਲਿਆ ਸੜਿਆ ਹੋਣਾ ਚਾਹੀਦਾ ਹੈ। ਤਾਜ਼ਾ ਗੋਹਾ ਭੋਂ ਦੀ ਨਾਈਟਰੋਜਨ ਖਿਚ ਲੈਂਦਾ ਹੈ ਅਤੇ ਸਿਉਂਕ ਆਦਿ ਵੀ ਪੈਦਾ ਕਰਦਾ ਹੈ ਪਰ ਗਲਿਆ ਸੜਿਆ ਗੋਹਾ ਜਾਂ ਢੇਰ ਅਤਿ ਲਾਹੇਵੰਦ ਹੁੰਦਾ ਹੈ। ਇਹ ਧਰਤੀ ਵਿਚ ਨਮੀ ਕਾਇਮ ਰੱਖਣ ਵਿਚ ਸਹਾਇਕ ਹੁੰਦਾ ਹੈ। ਇਸ ਗੋਹੇ ਦੇ ਢੇਰ ਵਿਚ ਹੋਰ ਪੱਤਾ ਸੱਤਾ ਅਤੇ ਕੱਖ ਕਾਨ ਵੀ ਗਾਲਿਆ ਜਾ ਸਕਦਾ ਹੈ।

2. ਗੋਹੇ ਅਤੇ ਸੇਂਜੀ ਜਾਂ ਗਰਮੀਆਂ ਵਿਚ ਢਾਂਚੇ ਨੂੰ ਪਾਣੀ ਦੇ ਇਕ ਢੋਲ ਜਾਂ ਚੁਬੱਚੇ ਵਿਚ ਘੋਲ ਲਓ। 15 ਦਿਨਾਂ ਉਪਰੰਤ ਇਹ ਘੋਲ ਵਧੀਆ ਤਰਲ ਖਾਦ ਬਣ ਜਾਂਦੀ ਹੈ ਜਿਹੜੀ ਕਿ ਫੁਆਰੇ ਨਾਲ ਵੇਲ ਬੂਟਿਆਂ ਨੂੰ ਪਾਈ ਜਾ ਸਕਦੀ ਏ। ਜੋ ਪੌਦਿਆਂ ਲਈ ਨਾਈਟਰੋਜਨ ਦਾ ਸੋਮਾ ਹੁੰਦਾ ਹੈ।

3. ਲੱਕੜੀ ਅਤੇ ਕੱਖ ਕਾਨਾਂ ਦੀ ਸੁਆਹ ਪੁਟਾਸ਼ ਹੁੰਦੀ ਹੈ।

4. ਆਮ ਸਾਬਣ ਦੇ ਘੋਲ ਦਾ ਛਿੜਕਾਅ ਤੇਲੇ ਅਤੇ ਐਫ਼ਿਡ ਨੂੰ ਮਾਰ ਮੁਕਾਉਂਦਾ ਹੈ ਅਤੇ ਮਿੱਤਰ ਕੀੜਿਆਂ ਨੂੰ ਹਾਨੀ ਨਹੀਂ ਪੁਚਾਉਂਦਾ।

5. ਨਿਕੋਟੀਨ ਜੋ ਤੰਬਾਕੂ ਵਿਚੋਂ ਮਿਲਦੀ ਏ, ਇਕ ਪ੍ਰਭਾਵਸ਼ਾਲੀ ਕੀਟ ਨਾਸ਼ਕ ਹੈ ਜੋ ਤੇਲੇ, ਐਫ਼ਿਡ, ਕੁਤੜੇ ਆਦਿ ਉਤੇ ਮਾਰੂ ਅਸਰ ਕਰਦਾ ਹੈ ਪਰ ਲਾਲ ਭੂੰਡੀ ਅਤੇ ਹੋਰ ਮਿੱਤਰ ਕੀੜਿਆਂ ਅਤੇ ਪੰਛੀਆਂ ਲਈ ਹਾਨੀਕਾਰਕ ਨਹੀਂ।

6. ਕੁਵੈਂਸੀਆ ਰੁੱਖ ਦੀਆਂ ਛਿੱਲਾਂ ਦਾ ਕਾੜ੍ਹਾ ਜਾਂ ਇਨ੍ਹਾਂ ਛਿੱਲਾਂ ਦੇ ਆਟੇ ਦਾ ਘੋਲ ਇਕ ਚੰਗਾ ਕੀਟ ਨਾਸ਼ਕ ਏ। ਇਹ ਰੁੱਖ ਦੱਖਣੀ ਭਾਰਤੀ ਜੰਗਲਾਂ ਵਿਚ ਆਮ ਏ।

7. ਸਦਬਰਗ ਦੇ ਬੂਟਿਆਂ ਨੂੰ ਪਾਣੀ ਵਿਚ ਗਾਲਣ ਉਪਰੰਤ ਉਸ ਘੋਲ ਦਾ ਛਿੜਕਾਅ ਵੀ ਹਾਨੀਕਾਰਕ ਕੀੜਿਆਂ ਨੂੰ ਮਾਰਨ ਜਾਂ ਫੁੱਲਾਂ ਅਤੇ ਸਬਜ਼ੀਆਂ ਤੋਂ ਦੂਰ ਰੱਖਣ ਲਈ ਕਾਰਗਰ ਸਿੱਧ ਹੁੰਦਾ ਹੈ।

ਇਨ੍ਹਾਂ ਸਮੂਹ ਅਤੇ ਇਕੱਲੀ ਇਕੱਲੀ ਵਸਤੂ ਦੀ ਵਰਤੋਂ ਨਾਲ ਧਰਤੀ ਸਿਹਤਮੰਦ ਹੋ ਜਾਂਦੀ ਹੈ ਅਤੇ ਲਾਭਦਾਇਕ ਬੈਕਟੀਰੀਆ ਅਤੇ ਪੰਛੀ ਆਦਿ ਫੁਲਵਾੜੀ ਵਿਚ ਮੁੜ ਪ੍ਰਵੇਸ਼ ਕਰ ਜਾਂਦੇ ਹਨ। ਢੇਰ ਫੁਲਵਾੜੀ ਦਾ ਇਕ ਜ਼ਰੂਰੀ ਅੰਗ ਹੈ।

ਹਰੀ ਖਾਦ ਜੋ ਸਰਦੀਆਂ ਵਿਚ ਸੇਂਜੀ ਮੇਥਿਆਂ ਅਤੇ ਗਰਮੀਆਂ ਵਿਚ ਢਾਂਚਾ, ਗੁਆਰਾ ਆਦਿ ਜ਼ਮੀਨ ਵਿਚ ਹੀ ਵੱਢ ਟੁੱਕ ਅਤੇ ਜ਼ਮੀਨ ਵਿਚ ਦਬਾ ਕੇ ਉਤੋਂ ਪਾਣੀ ਛੱਡ ਕੇ ਬਣਾਈ ਜਾਂਦੀ ਹੈ ਬਹੁਤ ਲਾਹੇਵੰਦ ਹੈ। ਰਸਾਇਣਿਕ ਵਸਤੂਆਂ ਨਾਲ ਬਿਮਾਰ ਹੋਈ ਧਰਤੀ ਨੂੰ ਮੁੜ ਸਜੀਵ ਕਰਨ ਦਾ ਚੰਗਾ ਢੰਗ ਹੈ।

ਜੈਵਿਕ ਬਾਗਬਾਨੀ ਰਾਹੀਂ ਅਸੀਂ ਆਪਣਾ ਹੀ ਨਹੀਂ ਸਗੋਂ ਇਸ ਧਰਤੀ ਉਤੇ ਵਸਦੇ ਜੀਵਾਂ ਦਾ ਵੀ ਅੱਗਾ ਸਵਾਰਾਂਗੇ। ਨਿਪੁੰਨਸ਼ਕ ਹੋ ਰਹੀ ਮਾਂ-ਮਿੱਟੀ ਨੂੰ ਆਪਣੇ ਪੁੱਤਾਂ ਪੋਤਿਆਂ ਦੇ ਰਹਿਣਯੋਗ ਬਣਾਵਾਂਗੇ। ਹਰ ਕੋਈ ਆਖਦਾ ਏ ਜੀ ਇਹ ਸਭ ਕੁਝ ਪੁੱਤਾਂ ਪੋਤਿਆਂ ਦਾ ਈ ਏ ਕੋਈ ਵਿਹਾਰ ਕਰਦਾ ਏ ਤਾਂ ਵੀ ਇਹੀ ਆਖਦਾ ਏ ਜੀ ਇਹ ਸਾਰਾ ਕੁਝ ਬੱਚਿਆਂ ਲਈ ਹੀ ਤਾਂ ਕਰਦੇ ਹਾਂ। ਪਰ ਜਿਸ ਧਰਤੀ ਵਿਚੋਂ ਉਨ੍ਹਾਂ ਖਾਣਾ-ਪੀਣਾ ਹੈ ਰਹਿਣਾ ਹੈ ਉਸ ਵੱਲ ਧਿਆਨ ਦੇਣੋਂ ਅਸੀਂ ਅਵੇਸਲੇ ਹਾਂ। ਜੈਵਿਕ ਬਾਗਬਾਨੀ ਦੁਆਰਾ ਅਸੀਂ ਧਰਤੀ ਦਾ ਇਕ ਛੋਟਾ ਜਿਹਾ ਹਿੱਸਾ ਜ਼ਰੂਰੀ ਹੀ ਸਾਫ਼ ਸੁਥਰਾ ਅਤੇ ਸਿਹਤਮੰਦ ਛੱਡ ਜਾਵਾਂਗੇ ਤਾਂ ਫੇਰ ਕੁਦਰਤ ਆਪਣੀਆਂ ਸਾਰੀਆਂ ਬਖਸ਼ਿਸ਼ਾਂ ਬਿਨਾਂ ਕਿਸੇ ਮੁੱਲ ਦੇ ਸਾਨੂੰ ਪ੍ਰਦਾਨ ਕਰ ਦੇਵੇਗੀ। ਉਹ ਸਦੀਆਂ ਤੋਂ ਕਿਰਤੀਆਂ ਦੀਆਂ ਝੋਲੀਆਂ ਭਰਦੀ ਰਹੀ ਹੈ। ਸਾਨੂੰ ਕੁੱਪੇ ਨਹੀਂ ਰੋੜ੍ਹਨੇ ਚਾਹੀਦੇ। ਧਰਤੀ ਮਾਂ ਵਾਂਗ ਦੁੱਧ ਪਿਲਾਏ ਦਾ ਸਾਥੋਂ ਕੋਈ ਮੁੱਲ ਨਹੀਂ ਮੰਗਦੀ। ਸਾਡਾ ਇਹ ਕਰਤੱਵ ਜ਼ਰੂਰ ਹੈ ਕਿ ਅਸੀਂ ਆਪਣੀ ਮਾਂ-ਮਿੱਟੀ ਨੂੰ ਜ਼ਹਿਰੀਲਾ ਨਾ ਬਣਾਈਏ। ਭੋਂ ਵਿਚ ਕੁਝ ਵੀ ਸੁੱਟਣ ਜਾਂ ਪਾਉਣ ਤੋਂ ਪਹਿਲਾਂ ਸੋਚੀਏ ਕਿ ਇਸ ਦਾ ਕੀ ਅਸਰ ਹੋਵੇਗਾ?

ਫੁੱਲਾਂ ਦੀ ਮਹਿਕ ਮਾਣੋ, ਸਿਹਤਮੰਦ ਸਬਜ਼ੀਆਂ ਖਾਓ, ਸਵੱਛ ਦੁੱਧ, ਆਂਡੇ ਅਤੇ ਹੋਰ ਸਿਹਤਮੰਦ ਪਦਾਰਥਾਂ ਦਾ ਅਸੀਂ ਤਾਂ ਹੀ ਮਜ਼ਾ ਮਾਣ ਸਕਦੇ ਹਾਂ ਜੇਕਰ ਸਾਡੀ ਧਰਤੀ ਪ੍ਰਦੂਸ਼ਣ ਰਹਿਤ ਹੋਵੇ।

**ਪੁਸਤਕ ਪ੍ਰਦੂਸ਼ਣ ਦਾ ਕਹਿਰ ਅਤੇ ਹੋਸ਼ਮੰਦ ਜੀਵਨ ਜਾਂਚ 'ਚੋਂ**



# ਕਾਵਿ-ਕਿਆਰੀ



## ਲ਼ਫਜ਼ਾਂ ਦੀ ਲੋਏ-ਲੋਏ

**ਹਰਬਖਸ਼ ਸਿੰਘ ਟਾਹਲੀ, ਯੂ.ਐਸ.ਏ.**




### ਇੰਤਜ਼ਾਰ

ਪਿਆਰ ਵਿਚ ਇੰਤਜ਼ਾਰ ਦੀ ਵੱਡੀ ਭੂਮਿਕਾ ਹੁੰਦੀ ਹੈ।
ਜਿਸ ਪਿਆਰ ਵਿਚ ਇੰਤਜ਼ਾਰ ਨਾ ਹੋਵੇ ਉਸ
ਉਤੇ ਰੰਗ ਕਦੇ ਨਹੀਂ ਚੜ੍ਹਦਾ।
ਕਾਹਲੀ ਵਿਚ ਪ੍ਰਵਾਨ ਚੜ੍ਹਿਆ ਪਿਆਰ ਬੇਸ਼ੱਕ ਮਾਣ ਲੈਂਦਾ ਹੈ
ਹੁਸਨ ਦੇ ਕਲਾਵਿਆਂ ਦਾ ਰਸ...
ਪਰ ਹੁਸਨ ਦੇ ਅੰਗਿਆਰਾਂ ਵਿਚ ਸੜ ਕੇ ਸੋਨ ਰੰਗਾ ਕਦੇ ਨਹੀਂ ਬਣਦਾ।
ਪਿਆਰ ਬੇਸ਼ੱਕ ਕਿਸੇ ਰਾਂਝੇ ਦਾ ਹੋਵੇ ਜਾਂ ਮਜਨੂੰ ਦਾ
ਸਮੇਂ ਦੀ ਉਡੀਕ ਇਸ ਨੂੰ ਪ੍ਰਦਾਨ ਕਰਦੀ ਹੈ ਅਨੰਦ ਦੀ ਅਵਸਥਾ।
ਜੇ ਪਿਆਰ ਨੂੰ ਛੇਤੀ ਸਰ ਕਰ ਲਿਆ ਜਾਵੇ
ਨਿਰਸੰਦੇਹ ਇਹ ਕਾਮ ਦੇ ਤ੍ਰਿਪਤ ਅਤੇ ਅਤ੍ਰਿਪਤ ਹੌਕਿਆਂ ਵਿਚ
ਗਵਾਚ ਕੇ ਥੋੜ੍ਹੇ ਪਲਾਂ ਦਾ ਸਾਕਾਰ ਸੁਪਨਾ ਬਣ ਜਾਵੇਗਾ।
ਪਰ ਅਨੰਦ ਦੀ ਅਵਸਥਾ ਤਕ ਪਿਆਰ ਨੂੰ ਲੈ ਜਾਂਦੀ
ਹੈ-ਉਡੀਕ ! ਉਡੀਕ ਨਾਲ ਚੇਤਨਾ ਦਾ ਧਿਆਨ ਜੁੜਦਾ ਹੈ।
ਉਡੀਕ ਇਕ ਪ੍ਰੇਮੀ ਨੂੰ ਭਗਤ ਬਣਾ ਦਿੰਦੀ ਹੈ
ਅਤੇ ਭਗਤੀ ਤੋਂ ਇਲਾਵਾ ਅਨੰਦ ਦੇ ਘਰ ਵੱਲ ਜਾਂਦਾ
ਕੋਈ ਵੀ ਹੋਰ ਰਸਤਾ ਨਹੀਂ ਹੁੰਦਾ।
ਹਕੀਕਤ ਇਹੋ ਹੀ ਹੈ ਕਿ ਪਿਆਰ ਮਿਲਦਾ ਹੈ
ਗਲੀਆਂ ਵਿਚ ਘੱਟੇ ਛਾਨਣ ਤੋਂ ਬਾਅਦ...।
ਪਿਆਰ ਮਿਲਦਾ ਹੈ ਵਸਲ ਦੀਆਂ ਅਣਪਹੁੰਚੀਆਂ
ਘੜੀਆਂ ਦੇ ਵਿਚੋਂ। ਇਸੇ ਲਈ ਤਾਂ ਪ੍ਰੇਮੀ ਹੋ
ਜਾਂਦੇ ਹਨ ਆਪਣੇ ਪ੍ਰੀਤਮ ਦੀ ਇਕ ਦੀਦ ਦੇ ਧਿਹਾਏ
ਤੇ ਫਿਰ ਪਿਆਸ ਵਿਚੋਂ ਹੀ ਪਿਆਸ ਮਿਟ ਜਾਂਦੀ ਹੈ।
ਇੰਤਜ਼ਾਰ ਵਿਚੋਂ ਹੀ ਉਪਜ ਜਾਂਦਾ ਹੈ ਸਦੀਵੀ ਵਸਲ।
ਕਾਹਲੀ ਵਿਚ ਹੁੰਦੇ ਭੌਤਿਕ ਸਰੀਰਾਂ ਦੇ ਮਿਲਾਪ
ਵਾਸ਼ਨਾ ਵਿਚ ਗ੍ਰਸਤ ਹੋ ਕੇ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਨ।

*****

### ਗੁਆਚੇ-ਰਿਸ਼ਤੇ



ਆਉ ਗੁਆਚੇ ਰੱਬ-ਰੂਪੀ ਰਿਸ਼ਤਿਆਂ ਦੀ ਭਾਲ ਕਰੀਏ।
ਨਾ ਮਿਲਣ ਰੱਬ ਦੀ ਰਜ਼ਾਅ, ਭਾਲ ਤਾਂ ਹਰ ਹਾਲ ਕਰੀਏ।

ਤਾਲਿਬ-ਇਲਮੀਂ 'ਚ ਕਮਾਏ,
ਨਿਸਫ਼ ਸਦੀ ਨਿੱਠ ਕੇ ਨਿਭਾਏ ਰਿਸ਼ਤਿਆਂ ਦਾ,
ਹੁਣ ਚੌਥੇ ਪਹਿਰੇ, ਬਾਦ ਦੁਪਹਿਰੇ ਜੀਣਾ ਨਾ ਮੁਹਾਲ ਕਰੀਏ।

ਕੀ ਪਤਾ ਬਾਕੀ ਬਚੇ, ਸੁਆਸ ਕਦ ਮੁੱਕ ਜਾਣ ਇਹ,
ਕੀ ਪਤਾ ਸੰਭਾਵੀ ਜੂਨੇ, ਬੇਪਛਾਣ ਹੋ ਜਾਣ ਇਹ।

ਕਿੱਥੇ ਕਦੋਂ ਕਿਵੇਂ ਕਿਉਂ, ਇਨ੍ਹਾਂ ਤਿੜਕੇ ਥਿੜਕੇ ਰਿਸ਼ਤਿਆਂ ਦੀ,
ਪੁਨਰ-ਸੁਰਜੀਤੀ ਕਈ ਅੰਦਰ ਝਾਤ ਮਾਰੇ-ਆਉ ਦੁਆ ਕਰੀਏ।

ਹਉਂ ਦੀ ਧੁੰਦ 'ਚ ਗੁਆਚੇ ਰਿਸ਼ਤਿਆਂ ਦੇ ਲਾਲ ਇਹ,
ਮੁੜ ਕਦੇ ਲੱਭਣੇ ਨਹੀਂ, ਕਿਉਂ ਹਾਲ ਨੂੰ ਬੇਹਾਲ ਕਰੀਏ।

ਅਨਿਯਮਿਤ ਅਨਾਮੇ ਰਿਸ਼ਤਿਆਂ ਦੀ ਜ਼ਿਹਨੀ-ਜ਼ਿਆਰਤ ਕਰਦਿਆਂ,
ਇਨ੍ਹਾਂ ਦੇ ਸਰਅੰਜਾਮ ਲਈ ਇਬਾਦਤੀ ਸਦਾਅ ਕਰੀਏ।

ਬੀਤ ਗਈ ਬਹਾਰ ਦਾ, ਗੁਮਾਨ ਮਾਨ ਤਾਣ ਤੱਜੀਏ,
ਲਾਉ ਬੁਝਾਉ ਪੁਆੜਿਆਂ ਤੋਂ, ਪੀੜਤ ਹੋ ਕੇ ਨਾ ਭੱਜੀਏ।

ਇਨ੍ਹਾਂ ਰੱਬੀ-ਰਿਸ਼ਤਿਆਂ ਨੂੰ, ਸਮਾਜੀ ਖੋਟੇ ਸਿੱਕਿਆਂ ਦੀ,
ਜੰਗਾਲੀ ਖੁੰਢੀ ਛੁਰੀ ਨਾਲ, ਹੁਣ ਹੋਰ ਨਾ ਹਲਾਲ ਕਰੀਏ।

ਵਸਲਾਂ ਦੀ ਔੜ-ਸੌੜ ਵਿਚ, ਬ੍ਰਿਹਾਂ ਦੀ ਲੰਮੀਂ ਦੌੜ ਵਿਚ,
ਹੰਭ ਗਏ ਰਿਸ਼ਤਿਆਂ ਦੀ ਸੰਮਰੂਪ ਹੋ ਸੰਭਾਲ ਕਰੀਏ।

ਮੁਤਬੱਰਕ ਮੁਬਾਰਕ, ਬੇਬਾਕ-ਪਾਕ ਰਿਸ਼ਤਿਆਂ ਦੇ,
ਮਿਜਾਜ਼ੀ ਅਹਿਸਾਸ ਦਾ ਹਕੀਕੀ ਵਿਸ਼ਵਾਸ ਨਾਲ, ਸ਼ਿੱਦਤੀ ਕਮਾਲ ਕਰੀਏ।

ਬੀਤ ਗਏ ਜਵਾਲ ਦਾ, ਨਾ ਮੁੜ ਮੁੜ ਮਲਾਲ ਕਰੀਏ,
ਉਜਵਲ ਭਵਿੱਖ-ਦਿੱਖ ਦਾ, ਦੰਮ-ਬਦੰਮ ਖਿਆਲ ਕਰੀਏ।

ਇਉਂ ਗੁਆਚੇ ਰੱਬ-ਰੂਪੀ ਰਿਸ਼ਤਿਆਂ ਦੀ ਭਾਲ ਕਰੀਏ,
ਨਾ ਮਿਲਣ ਰੱਬ ਦੀ ਰਜ਼ਾਅ ਪਰ ਭਾਅ ਭਾ ਹਰ ਹਾਲ ਕਰੀਏ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ, ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ। ਕੱਖਾਂ ਵਾਂਗੂੰ ਰੁੱਲ ਜਾਵੋਗੇ।**

## ਲਾਲਚੀ ਦਾਜ ਦੇ



ਲਾਲਚੀ ਕਦੇ ਰੱਜ ਨਹੀਂ ਸਕਦੇ
ਇਹ ਗੱਲ ਦੇਖੀ ਬਹੁਤ ਨਿਆਰੀ
ਹਰ ਚੀਜ਼ ਕੋਲ ਵਾਧੂ ਭਾਵੇਂ
ਨੀਅਤ ਫਿਰ ਵੀ ਵਾਂਗ ਭਿਖਾਰੀ।

ਅਜੀਬ ਕਿਸਮ ਦੇ ਲੋਕ ਮੈਂ ਦੇਖੇ
ਗੱਲਾਂ ਨਾਲ ਕਰਦੇ ਸਰਦਾਰੀ
ਸਮਾਂ ਜਦੋਂ ਉਨ੍ਹਾਂ ਤੇ ਆਉਂਦਾ
ਖੁੱਲ੍ਹ ਕਿ ਦਾਜ ਲੈਣ ਮੱਤ ਮਾਰੀ।

ਮੁੱਲ ਪੁਤਰਾਂ ਦਾ ਪਾਉਂਦੇ ਦੇਖੇ
ਭੱਠਾ ਸਮਾਜ ਦਾ ਬਠਾਉਂਦੇ ਦੇਖੇ
ਗੈਰਤਮੰਦ ਤੇ ਕਲੰਕ ਸਮਾਜ ਵਿਚ
ਦਾਜ ਲਈ ਤਰਲੇ ਪਾਉਂਦੇ ਦੇਖੇ।

ਵੱਡੀ ਗੱਡੀ ਪੈਸੇ ਕੈਸ਼ ਵੀ ਚਾਹੀਦੇ
ਕੜੇ ਛਾਪਾਂ ਨਾਲ ਹਾਰ ਵੀ ਚਾਹੀਦੇ
ਲਿਸਟ ਮਿਲਣੀ ਵਿਚ ਪੂਰੀ ਕਰਨਾ
ਚਾਹ ਦਾ ਕੱਪ ਅਸਾਂ ਬਾਅਦ 'ਚ ਫੜਨਾ।

ਜੋ ਹਨ ਹਾਜ਼ਰ ਮਿਲਣੀਆ ਕਰਾ ਦਿਓ
ਬਾਕੀ ਸਭ ਥੈਲੀ ਵਿਚ ਪਾ ਦਿਓ
ਕੈਸ਼ ਦਾ ਵਾਅਦਾ ਜੋ ਹੈ ਕੀਤਾ
ਗੱਡੀ ਦੀ ਚਾਬੀ ਨਾਲ ਫੜਾ ਦਿਓ।

ਵਾਅਦੇ ਜੋ ਕੀਤੇ ਪੂਰੇ ਕਰਕੇ
ਟੌਹਰ ਸਾਡੀ ਇਲਾਕੇ 'ਚ ਬਾਣਾ ਦਿਓ
ਖਰਚਾ ਅੱਜ ਤੱਕ ਜੋ ਪੁੱਤ 'ਤੇ ਕੀਤਾ
ਹਿਸਾਬ ਉਸਦਾ ਬਰਾਬਰ ਕਰਾ ਦਿਓ।

ਦਾਜ ਜੋ ਲੈ ਕਿ ਪੁੱਤ ਵਿਆਉਂਦੇ
ਅਨੁਪਾਤ ਸਮਾਜ ਵਿਚ ਗਲਤ ਬਣਾਉਂਦੇ
ਬਖਸ਼ਸ਼ਾ ਗੁਰਾਂ ਦੀਆਂ ਨਾਲ ਧੱਕਾ ਕਰਕੇ
ਲੋਕਾਂ ਤੋਂ ਭਰੂਣ ਹੱਤਿਆ ਕਰਾਉਂਦੇ।

ਇਹ ਹਨ ਲੋਕ ਜੋ ਜ਼ਿੰਮੇਵਾਰ
ਧੀਆ ਦਾ ਜੋ ਕਤਲ ਕਰਾਉਂਦੇ
ਕਹਿੰਦਾ ਸੁਭਾਨਪੁਰੀ ਅਕਲਾਂ ਦੇ ਅੰਨ੍ਹੇ
ਮੁੱਲ ਪੁਤਰਾਂ ਦਾ ਜੋ ਹਨ ਪਾਉਂਦੇ।

ਰਘਬੀਰ ਸਿੰਘ ਸੁਭਾਨਪੁਰ
ਨਿਊਯਾਰਕ।
ਫੋਨ ਨੰ. 917-701-4259

## ਮਿੰਨੀ ਕਹਾਣੀ/ਪ੍ਰੇਮਿਕਾਵਾਂ



ਉਹ ਇਲਾਕੇ ਦਾ ਸੁਲਝਿਆ ਹੋਇਆ ਨਾਮੀ ਸਾਹਿਤਕਾਰ ਸੀ। ਉਸ ਦੇ ਘਰ ਵਿੱਚ ਵੰਨ-ਸੁਵੰਨੇ ਵਿਸ਼ਿਆਂ ਨਾਲ ਸਬੰਧਿਤ ਕਿਤਾਬਾਂ ਨਾਲ ਸਜੀ-ਸੰਵਾਰੀ ਲਾਇਬ੍ਰੇਰੀ ਘਰ ਦਾ ਹੀ ਨਹੀਂ ਸਮੁੱਚੇ ਇਲਾਕੇ ਦਾ ਸੁਹਜ-ਸ਼ਿੰਗਾਰ ਸੀ। ਇਲਾਕੇ ਦੇ ਬੁੱਧੀਜੀਵੀ ਅਤੇ ਲੇਖਕ ਲੋਕ ਅਕਸਰ ਉਥੇ ਇਕਤਰ ਹੁੰਦੇ ਤੇ ਸਾਹਿਤ-ਸੰਵਾਦ ਰਚਾਉਂਦੇ। ਸਾਹਿਤ ਸਿਰਜਣਾ ਦੇ ਭਾਂਤ-ਸੁਭਾਂਤੇ ਰੂਪ-ਰੰਗ ਸਾਂਝੇ ਕਰਦੇ।

ਇੱਕ ਦਿਨ ਉਹ ਮੇਜਬਾਨ ਸਾਹਿਤਕਾਰ ਆਪਣੇ ਗ੍ਰਹਿ ਵਿਖੇ ਆਯੋਜਿਤ ਸਾਹਿਤਕ ਮਿਲਣੀ ਦੌਰਾਨ ਪੁਸਤਕ ਸੱਭਿਆਚਾਰ ਦੇ ਸੰਦਰਭ ਵਿੱਚ ਹਾਜ਼ਰੀਨ ਨੂੰ ਸੰਬੋਧਨ ਕਰ ਰਿਹਾ ਸੀ- "ਦੋਸਤੋ, ਜਿਵੇਂ ਤੁਸੀਂ ਜਾਣਦੇ ਓ ਲੇਖਕ ਦੁਆਰਾ ਰਚਿਤ ਕਿਤਾਬਾਂ ਹੀ ਉਸ ਦੀਆਂ ਧੀਆਂ/ਪੁੱਤਰ ਹੁੰਦੇ ਹਨ। ਹੋਰ ਤਾਂ ਹੋਰ ਇਹ ਪੁਸਤਕਾਂ ਹੀ ਉਸ ਦੀਆਂ ਚੰਗੀਆਂ ਦੋਸਤ ਤੇ ਅਸਲ ਪ੍ਰੇਮਿਕਾਵਾਂ ਹੁੰਦੀਆਂ ਨੇ...।"

ਇਹ ਸ਼ਬਦ ਸੁਣ ਕੇ ਮਹਿਫਲ ਦਾ ਰਸ ਰੰਗ ਮਾਣ ਰਹੀ ਉਸ ਸਾਹਿਤਕਾਰ ਦੀ ਬੀਵੀ ਇੱਕਦਮ ਬੋਲ ਉਠੀ, "ਸ੍ਰੀਮਾਨ ਜੀ! ਧੀਆਂ/ਪੁੱਤਰ ਤਾਂ ਹੋਏ-ਅਖੇ ਚੰਗੀਆਂ ਦੋਸਤ/ਪ੍ਰੇਮਿਕਾਵਾਂ... ਕਿਹੜੀਆਂ ਪ੍ਰੇਮਿਕਾਵਾਂ/ ਦੋਸਤਾਂ ਦੀਆਂ ਗੱਲਾਂ ਪਏ ਕਰਦੇ ਓ।"

"ਹਾਂ ਭਾਗਵਾਨੇ! ਇਹ ਕਿਤਾਬਾਂ ਹੀ ਲੇਖਕ ਦੀਆਂ ਅਸਲੀ ਪ੍ਰੇਮਿਕਾਵਾਂ ਹੁੰਦੀਆਂ ਨੇ-ਜਿਨ੍ਹਾਂ ਸੰਗ ਉਹ ਆਪਣੇ ਨਿੱਜੀ ਤਜ਼ਰਬੇ ਅਤੇ ਅੰਦਰੂਨੀ ਵਲਵਲੇ ਸਾਂਝੇ ਕਰਦੈ-ਆਪਣੇ ਦੁੱਖ-ਸੁੱਖ ਫੋਲਦਾ ਹੈ।" ਸਾਹਿਤਕਾਰ ਨੇ ਆਪਣੇ ਅੰਦਰਲਾ ਸੱਚ ਬਿਆਨਿਆ।

"ਦੁੱਖ ਸੁੱਖ ਫੋਲਣ ਲਈ ਤੁਹਾਨੂੰ ਇਹ ਕਾਗਜ਼ੀ ਕਿਤਾਬਾਂ ਹੀ ਮਿਲੀਆਂ-ਹੋਰ ਕੋਈ ਨਹੀਂ। ਇਨ੍ਹਾਂ ਕਿਤਾਬੀ ਕਹਾਣੀਆਂ/ਕਵਿਤਾਵਾਂ ਤੋਂ ਹਟ ਕੇ ਕਦੇ ਘਰ ਦੀ ਅਸਲੀ ਕਹਾਣੀ ਵੱਲ ਵੀ ਆਇਆ ਕਰੋ। " ਉਹਦੇ ਘਰ ਵਾਲੀ ਜਿਵੇਂ ਆਪਣੇ ਭਰੇ ਮਨ ਦਾ ਬੋਝ ਕੁਝ ਹਲਕਾ ਕਰ ਗਈ ਹੋਵੇ।

ਤੇ ਉਹ ਸਾਹਿਤਕਾਰ ਜਿਵੇਂ ਪਤਨੀ ਦੇ ਕੱਚ-ਸੱਚ ਦਾ ਸ਼ੀਸ਼ਾ ਉਹਦੇ ਰੂਬਰੂ ਕਰਦਿਆਂ ਸੰਬੋਧਿਤ ਹੋਇਆ, "ਛੱਡ ਪਰ੍ਹੇ ਆਪਣੀਆਂ ਬੇਤੁਕੀਆਂ ਮੇਰੀ ਸਰਕਾਰ! ਅਗਰ ਤੇਰੇ ਅੰਦਰਲੇ ਗਿਆਨ ਦੀ ਤੀਸਰੀ ਅੱਖ ਖੁੱਲ੍ਹੀ ਹੁੰਦੀ ਤਾਂ ਇਨ੍ਹਾਂ ਦੋਸਤ ਕਿਤਾਬਾਂ/ਪ੍ਰੇਮਿਕਾਵਾਂ ਦੇ ਅਸਲੀ ਅਰਥ ਤੈਨੂੰ ਖੁਦ-ਬਖੁਦ ਦ੍ਰਿਸ਼ਟੀਗੋਚਰ ਹੋ ਜਾਂਦੇ-ਤੇਰੇ ਸਵਾਲਾਂ ਦੇ ਜਵਾਬ ਤੈਨੂੰ ਬਿਨ ਮੰਗਿਆਂ ਹੀ ਮਿਲ ਜਾਂਦੇ।"

**ਸੁਰਿੰਦਰ ਮਕਸੂਦਪੁਰੀ**
234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ
ਮੋਬਾਇਲ : 99887-10234

# ਮੂੰਹ ਵਿਚ ਛਾਲੇ ਅਤੇ ਇਲਾਜ



ਅਨਿਯਮਤ ਅਤੇ ਗ਼ਲਤ ਭੋਜਨ-ਵਿਹਾਰ ਕਰਨ, ਬਾਜ਼ਾਰ ਦੀਆਂ ਚਟਪਟੀਆਂ ਤੇ ਮਸਾਲੇਦਾਰ ਵਸਤੂਆਂ ਨੂੰ ਜ਼ਿਆਦਾ ਖਾਣੇ ਨਾਲ ਪਾਚਨ ਤੰਤਰ ਖਰਾਬ ਹੋ ਜਾਂਦਾ ਹੈ, ਕਬਜ਼ ਰਹਿਣ ਲਗਦੀ ਹੈ, ਪੇਟ ਵਿਚ ਗਰਮੀ ਜ਼ਿਆਦਾ ਵਧ ਜਾਂਦੀ ਹੈ, ਪੇਟ ਸਾਫ ਨਹੀਂ ਹੁੰਦਾ, ਜਿਸ ਨਾਲ ਮਲ ਇਕੱਠਾ ਹੋ ਜਾਂਦਾ ਅਤੇ ਇਨ੍ਹਾਂ ਕਾਰਨਾਂ ਕਰਕੇ ਮੂੰਹ ਵਿਚ ਛਾਲੇ ਹੋ ਜਾਂਦੇ ਹਨ।

ਮੂੰਹ ਦੇ ਛਾਲਿਆਂ ਨੂੰ ਦੂਰ ਕਰਨ ਲਈ ਸਭ ਤੋਂ ਪਹਿਲਾਂ ਪੇਟ ਨੂੰ ਸਾਫ ਰੱਖੋ। ਕਬਜ਼ ਨਹੀਂ ਰਹੇ, ਇਸ ਲਈ ਈਸਬਗੋਲ ਦਾ ਬੂਰਾ, ਆਂਵਲੇ ਦਾ ਚੂਰਨ ਅਤੇ ਹਰੜ ਦੇ ਚੂਰਨ ਦੀ ਵਰਤੋਂ ਕਰੋ। ਸਵੇਰੇ-ਸ਼ਾਮ ਪਖਾਨਾ ਨਿਯਮਤ ਰੂਪ ਨਾਲ ਜਾਓ ਅਤੇ ਤੇਜ਼ ਮਿਰਚ-ਮਸਾਲੇ ਅਤੇ ਦੇਰ ਨਾਲ ਹਜ਼ਮ ਹੋਣ ਵਾਲੇ ਪਦਾਰਥਾਂ ਦਾ ਸੇਵਨ ਨਾ ਕਰੋ। ਹਰੀਆਂ ਸਬਜ਼ੀਆਂ, ਦੁੱਧ, ਲੱਸੀ ਦਾ ਜ਼ਿਆਦਾ ਸੇਵਨ ਕਰੋ।

ਚਾਹ ਤੇ ਕਾਫੀ ਦੀ ਵਰਤੋਂ ਘੱਟ ਕਰੋ। ਸ਼ਾਮ ਦੇ ਭੋਜਨ ਵਿਚ ਕੁਝ ਦਿਨਾਂ ਤੱਕ ਸਿਰਫ਼ ਖਿਚੜੀ ਹੀ ਲਉ। ਕਦੀ ਦੁੱਧ, ਦਲੀਆ, ਕਦੀ ਦਾਲ ਦਲੀਆ ਤੇ ਛਿਲਕੇ ਵਾਲੀ ਮੂੰਗ ਦੀ ਦਾਲ ਖਾਓ। ਜਿਨ੍ਹਾਂ ਵਿਅਕਤੀਆਂ ਨੂੰ ਵਾਰ-ਵਾਰ ਛਾਲੇ ਹੁੰਦੇ ਹਨ, ਉਨ੍ਹਾਂ ਨੂੰ ਟਮਾਟਰ ਦੀ ਵਰਤੋਂ ਜ਼ਿਆਦਾ ਕਰਨੀ ਚਾਹੀਦੀ। ਛਾਲੇ ਹੋਣ 'ਤੇ ਹੇਠ ਲਿਖੇ ਉਪਾਅ ਕਰੋ :

• ਸਵੇਰੇ ਭੋਜਨ ਤੋਂ ਬਾਅਦ 1-2 ਪੱਕੇ ਕੇਲੇ ਖਾਣ ਦੇ ਬਾਅਦ 2 ਟੁਕੜੇ ਪੇਠਾ (ਮੁਰੱਬਾ) ਦੇ ਖਾਓ।

• ਦਿਨ ਵਿਚ 2-3 ਵਾਰ ਕੱਚੇ ਨਾਰੀਅਲ ਦੇ 2-3 ਟੁਕੜੇ ਅਤੇ ਚਿਰਾਜੀ ਚਬਾ ਕੇ ਖਾ ਲਉ।

• ਰਾਤ ਨੂੰ ਦੁੱਧ ਦੇ ਨਾਲ ਇਕ ਚਮਚ ਸ਼ੁੱਧ ਗਊ ਦਾ ਘਿਓ ਪਾ ਕੇ ਪੀਓ ਅਤੇ ਸਵੇਰੇ ਪਖਾਨਾ ਜਾਣ ਤੋਂ ਪਹਿਲਾਂ ਇਕ ਗਿਲਾਸ ਪਾਣੀ ਵਿਚ ਨਿੰਬੂ ਨਿਚੋੜ ਕੇ ਥੋੜ੍ਹੀ ਸ਼ੱਕਰ ਮਿਲਾ ਕੇ ਪੀਂਦੇ ਰਹਿਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ।

• ਇਕ ਗਿਲਾਸ ਗਰਮ ਦੁੱਧ ਵਿਚ ਅੱਧਾ ਚਮਚ ਪਿਸੀ ਹਲਦੀ ਪਾ ਕੇ ਪੀਓ।

• ਹਰੇ ਧਨੀਏ ਨੂੰ ਚਬਾਉਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ।

• ਚਮੇਲੀ ਦੇ ਪੱਤਿਆਂ ਨੂੰ ਚਬਾ ਕੇ ਰਸ ਥੁੱਕਦੇ ਜਾਓ। ਛਾਲੇ ਠੀਕ ਹੋ ਜਾਣਗੇ।

• ਮਹਿੰਦੀ ਦੇ ਪੱਤਿਆਂ ਨੂੰ ਰਾਤ ਨੂੰ ਪਾਣੀ ਵਿਚ ਭਿਉਂ ਕੇ ਰੱਖ ਦਿਉ। ਸਵੇਰੇ ਪਾਣੀ ਨੂੰ ਛਾਣ ਕੇ ਉਸ ਨਾਲ ਕੁਰਲੀ ਕਰਦੇ ਰਹਿਣ ਨਾਲ ਛਾਲੇ ਠੀਕ ਹੋ ਜਾਂਦੇ ਹਨ। ਜਾਮਨ ਦੇ ਨਰਮ ਤੇ ਕੋਮਲ ਪੱਤਿਆਂ ਨੂੰ ਉਬਾਲ ਕੇ ਉਸ ਪਾਣੀ ਨਾਲ ਕੁਰਲੀ ਕਰੋ।


• ਛੋਟੀ ਹਰੜ ਨੂੰ ਬਾਰੀਕ ਪੀਸ ਕੇ ਛਾਲਿਆਂ 'ਤੇ ਲਗਾਉਣ ਨਾਲ ਮੂੰਹ, ਬੁੱਲ੍ਹਾਂ ਅਤੇ ਜੀਭ ਦੇ ਛਾਲੇ ਠੀਕ ਹੋ ਜਾਂਦੇ ਹਨ। ਰਾਤ ਨੂੰ ਭੋਜਨ ਦੇ ਬਾਅਦ ਇਕ ਹਰੜ ਚੂਸੋ।

• ਟਮਾਟਰ ਦੇ ਤਾਜ਼ੇ ਰਸ ਵਿਚ ਪਾਣੀ ਮਿਲਾ ਕੇ ਕੁਰਲੀ ਕਰਨ ਨਾਲ ਮੂੰਹ ਅਤੇ ਜੀਭ ਦੇ ਛਾਲੇ ਦੂਰ ਹੋ ਜਾਂਦੇ ਹਨ। ਖਾਣਾ ਖਾਣ ਤੋਂ ਪਹਿਲਾਂ ਟਮਾਟਰ ਦਾ ਰਸ ਪੀ ਲਉ।

• ਗਿਲਸਰੀਨ ਲਗਾ ਕੇ ਲਾਰ ਟਪਕਾਉਣ ਨਾਲ ਵੀ ਛਾਲਿਆਂ ਨੂੰ ਆਰਾਮ ਮਿਲਦਾ ਹੈ।

• ਛੋਟੀ ਇਲਾਇਚੀ ਪੀਸ ਕੇ ਛਾਲਿਆਂ 'ਤੇ ਭੁਰਕੋ ਅਤੇ ਲਾਰ ਡਿਗਣ ਦਿਉ। ਦਿਨ ਵਿਚ 2-3 ਵਾਰ ਇਸ ਤਰ੍ਹਾਂ ਕਰਨ ਨਾਲ ਅਰਾਮ ਮਿਲਦਾ ਹੈ?

• ਤਾਜ਼ਾ ਫਿੱਕਾ ਦਹੀਂ ਖਾਣ, ਤੁਲਸੀ ਦੀਆਂ ਚਾਰ-ਪੰਜ ਪੱਤੀਆਂ ਨੂੰ ਚਬਾ ਕੇ ਉੱਪਰ ਤੋਂ ਪਾਣੀ ਪੀਣ, ਗੁੜ ਦੀ ਡਲੀ ਨੂੰ ਮੂੰਹ ਵਿਚ ਰੱਖਣ ਨਾਲ ਵੀ ਮੂੰਹ ਦੇ ਛਾਲੇ ਦੂਰ ਹੁੰਦੇ ਹਨ।




# SECLUDED INFORMATION


Er. Hardial Singh
Ghotra
Finance Secretary
of
BMSL Foundation



1. A Child takes birth with three hundred bones but by the time he is eighteen, these bones get united and remains only 206.
2. Bill Gates earns Rs.12000as per second means hundred twoCrore in a day.
3. Google was invented on 4the September 1998 at Menlopark California in USA.
4. Google stated Gmail Account on 1st April 2004.
5. 34% of the employees of Microsoft are Indians.
6. Typewriter is such a single word which is typed in top one line of the keyboard.
7. Upto seventeen century, India was the richest Country in the world.
8. Silkworm eats 86 thousands times of its weight in 56 days.
9. It is impossible to open your eyes while sneaching.
10. If you multiply 111 to six times means 111-111-111-111-111-111,answer will be 123456789,987654321.
11. Out of the eating foods, honey is such an item which never decays.
12. The weight of the human brain is almost 1.4 kg.
13. Eleven percent of total population of the world eats with the left hand.
14. Cockroach can survive for many weeks without its head.
15. The hand with which you are used to write, its nails grows more rapidly.
16. If a mail/female gets angry on very small issues, it means there is a lackof love and affection in their life.
17. If you take a piece of chocolate along with your breakfast your mood will be fine for the whole day.
18. The stars which we see in the night on sky, all are more shiny as compared to the sun.
19. Drop a battery/Cell from a height of six inch, if it jumps one time it is ok & if jumps more then one times means either it is of no use or going to become of no use shortly.
20. The eyesight of falcon (baaz) is five times more then that of a man.
21. 26th May is celebrated as a science day because on that day ex-president Mr. Abdul Kalam has gone to Switzerland and it was declared science day on his honour.
22. In every year, two minutes are there which are of 61 seconds each.
23. Ears and nose are such parts of a human body which go on increasing for the whole life.
24. China's city CHONGQING has got a separate lane on the road for the people who are habitual to talk on smartphones.
25. In a crowd of tigers, female tiger does 90% hunting.
26. 2520 is such a number which is divided from 1 to 10 by each number.
27. If you are single, every single couple seems you to be happy but when you are married you feel every single to be happy.
28. Nepal is such a country in the world which was never a slave.
29. Bones in a human body are five times stronger as compare to steel.
30. If we write the spellings from one to lakh that is 123….., and so on, C character will come no where.



# MATRIMONIAL



**Suitable match for lobana sikh boy age 26years height 5'10".B.tech (software developer) fair, slim, good looking. Presently working at Banglor; annual salary Rs. 20lac. Mother and father in govt. service. Preferred simple sober beautiful and well educated girl. Cont. 94668-22688**

* * * * *

**Suitable match for lobana sikh boy, Australian Citzen, Dec,18,1988/6'1", Bachelor of accounting from Sydney Australia, Father Retd. Govt. Engineer, Mother Expired Govt Service, Brother married New Zealand P.R, Sister married Australian Citizen, Prefer Medical, Engineering job experience. Whatsapp Cont. No. 98961-55616**

* * * * *

**Suitable match for Lobana Girl Miss. Amarpreet Kaur, D.O.B-12-03-1990, Height-5'2", Qualification-M.D.S, preference:-MBBS, M.D,M.D.S and residence of Chandigarh, Panchkula, Zirakpur. Early simple marriage only in lobana sikh community. Cont. 94666-49884**

* * * * *

**Suitable match for lobana sikh clean shave handsome boy D.O.B-17-02-1991, 5'8", PR Canada. IT Computer Science from Canada area manager in reputed company. Beautiful, slim, well educated and professional lobana sikh girl required. Father railway engineer Chandigarh. Only younger brother PR Canada, Mother house wife. Cont. 98153-65212**

* * * * *

**Suitable girl wanted for Australia PR Dec-1988,6 feet tall turbaned and non-trimmed boy. Boy is in India presently. Father retd. Suptd. Mother home maker. Sister married and settled in Australia. Cont-98726-66339, 98883-11228**

* * * * *

**Suitable match for lobana sikh boy 5'8", D.O.B. Jan. 1988,Travel and tourism management from U.K working at Gurugram. Urban & Rural Property. Cont-90417-77073**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਨ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 7-04-2018 ਤੋਂ 14-04-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1 | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16 ਪੰਚਕੂਲਾ (ਹਰਿਆਣਾ) | 1000/- | ਐਚ-9492 | 07-04-2018 |
| 2. | ਸ਼੍ਰੀ ਰਾਮ ਕੁਮਾਰ<br>ਠੇਕੇਦਾਰ ਕੰਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ 30ਏ, ਚੰਡੀਗੜ੍ਹ। | 505/- | ਐਚ-9493 | 08-04-2018 |
| 3. | ਸ. ਰਵਿੰਦਰ ਸਿੰਘ, ਸਕੱਤਰ ਬਾਬਾ ਮੱਖਣ<br>ਸ਼ਾਹ ਲੁਬਾਣਾ ਭਵਨ ਚੰਡੀਗੜ੍ਹ।<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਐਚ-9494 | 13-04-2018 |
| 4. | ਸ਼੍ਰੀ ਰਾਮ ਕੁਮਾਰ<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ 30ਏ, ਚੰਡੀਗੜ੍ਹ। | 500/- | ਐਚ-9495 | 14-04-2018 |
| 5. | ਗੁਪਤ ਦਾਨ | 200/- | ਐਚ-9496 | 14-04-2018 |
| 6. | ਸ. ਹਿੰਮਤ ਸਿੰਘ<br>ਮਕਾਨ ਨੰ. 2051, ਸੈਕਟਰ-21ਸੀ, ਚੰਡੀਗੜ੍ਹ। | 100/- | ਐਚ-9497 | 14-04-2018 |
| 7. | ਸ. ਗੁਰਬਚਨ ਸਿੰਘ<br>ਮਕਾਨ ਨੰ. 2828/2, ਸੈਕਟਰ-47/ਸੀ ਚੰਡੀਗੜ੍ਹ। | 100/- | ਐਚ-9498 | 14-04-2018 |
| 8. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30ਏ, ਚੰਡੀਗੜ੍ਹ।<br>ਮਕਾਨ ਨੰ-1838, ਫੇਸ-7, ਐਸ.ਏ.ਐਸ. ਨਗਰ (ਮੋਹਾਲੀ) | 500/- | ਐਚ-9499 | 14-04-2018 |
| 9. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ,<br>ਸੈਕਟਰ-30ਏ ਚੰਡੀਗੜ੍ਹ, ਮੰ. ਨੰ-2218, ਸੈਕਟਰ-38ਸੀ-ਚੰਡੀਗੜ੍ਹ। | 1100/- | ਐਚ-9500 | 14-04-2018 |
| 10. | ਸ. ਨਿਰਮਲ ਸਿੰਘ, ਸਕੱਤਰ ਮੈਨਟੇਨੈਂਸ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ, ਚੰਡੀਗੜ੍ਹ।<br>ਮਕਾਨ ਨੰ-2354, ਫੇਸ-10 ਮੋਹਾਲੀ। | 200/- | ਐਚ-9551 | 14-04-2018 |
| 11. | ਸ. ਪ੍ਰਤਾਪ ਸਿੰਘ<br>ਮਕਾਨ ਨੰ-5701, ਸੈਕਟਰ-38 ਵੈਸਟ ਚੰਡੀਗੜ੍ਹ। | 100/- | ਐਚ-9552 | 14-04-2018 |
| 12. | ਸ. ਜਰਨੈਲ ਸਿੰਘ<br>ਮਕਾਨ ਨੰ-60, ਸੈਕਟਰ-23 ਪੰਚਕੂਲਾ ਹਰਿਆਣਾ। | 100/- | ਐਚ-9553 | 14-04-2018 |

| | | | | |
|---|---|---|---|---|
| 13. | ਸ.ਹਰਭਜਨ ਸਿੰਘ ਡੀ.ਆਈ.ਜੀ.(ਰਿਟਾ.)<br>ਏ-302, ਰਿਸ਼ੀ ਅਪਾਰਟਮੈਂਟਸ, ਜ਼ੀਰਕਪੁਰ। | 500/- | ਐਚ-9554 | 14-04-2018 |
| 14. | ਸ.ਹਰੀ ਸਿੰਘ<br>ਮਕਾਨ ਨੰ.33, ਫੇਸ-11, ਮੋਹਾਲੀ। | 200/- | ਐਚ-9555 | 14-04-2018 |
| 15. | ਸ.ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | 200/- | ਐਚ-9556 | 14-04-2018 |
| 16. | ਸ਼੍ਰੀ ਮਨੀਸ਼ ਸ਼ਰਮਾ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। | 101/- | ਐਚ-9557 | 14-04-2018 |
| 17. | ਸ਼੍ਰੀ ਜਤਿੰਦਰ ਉਰਵ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। | 101/- | ਐਚ-9558 | 14-04-2018 |
| 18. | ਸ਼੍ਰੀ ਪ੍ਰਸ਼ੋਤਮ ਦਾਸ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। | 100/- | ਐਚ-9559 | 14-04-2018 |
| 19. | ਸ਼੍ਰੀ ਸੁਰਿੰਦਰਜੀਤ ਸਿੰਘ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। | 100/- | ਐਚ-9560 | 14-04-2018 |
| 20. | ਲੈਕ.ਸ.ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 200/- | ਐਚ-9561 | 14-04-2018 |
| 21. | ਸ.ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16, ਚੰਡੀਗੜ੍ਹ। | 500/- | ਐਚ-9562 | 14-04-2018 |
| 22. | ਸ.ਅਮਰਜੀਤ ਸਿੰਘ<br>ਮਕਾਨ ਨੰ-416, ਸੈਕਟਰ 45 ਏ, ਚੰਡੀਗੜ੍ਹ। | 100/- | ਐਚ-9563 | 14-04-2018 |
| 23. | ਸ.ਜਗਬੀਰ ਸਿੰਘ<br>ਮਕਾਨ ਨੰ-2778/ਏ, ਸੈਕਟਰ-42-ਸੀ, ਚੰਡੀਗੜ੍ਹ। | 100/- | ਐਚ-9564 | 14-04-2018 |
| 24. | ਸ.ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ- 42, ਸੈਕਟਰ-16, ਚੰਡੀਗੜ੍ਹ। | 500/- | ਐਚ-9565 | 14-04-2018 |
| 25. | ਸ.ਮਨਜੀਤ ਸਿੰਘ ਲੁਬਾਣਾ<br>ਮਕਾਨ ਨੰ-873, ਫੇਸ-10, ਮੋਹਾਲੀ। | 100/- | ਐਚ-9566 | 14-04-2018 |
| 26. | ਸ.ਇੰਦਰਜੀਤ ਸਿੰਘ ਭੁਗਤਾਨਾ<br>ਮਕਾਨ ਨੰ-1759, ਸੈਕਟਰ-43, ਚੰਡੀਗੜ੍ਹ। | 200/- | ਐਚ-9567 | 14-04-2018 |
| 27. | ਸ.ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ-1005, ਸੈਕਟਰ-71, ਮੋਹਾਲੀ। | 500/- | ਐਚ-9568 | 14-04-2018 |

# ਫਾਊਂਡੇਸ਼ਨ-ਡੇ ਦੇ ਸ਼ੁਭ ਦਿਹਾੜੇ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 27-04-2018 ਤੋਂ 27-04-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਗੁਪਤ ਦਾਨ | 200/- | ਐਚ-9569 | 27-04-2018 |
| 2. | ਸ. ਬਲਵਿੰਦਰ ਸਿੰਘ ਮੁਲਤਾਨੀ | 200/- | ਐਚ-9570 | 27-04-2018 |
| | ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। | | | |
| | # 541,ਫੇਸ-3 ,ਮੋਹਾਲੀ। | | | |
| 3. | ਸ. ਗਿਆਨ ਸਿੰਘ ਮੁਲਤਾਨੀ | 1100/- | ਐਚ-9571 | 27-04-2018 |
| | ਮਕਾਨ ਨੰ- 42, ਸੈਕਟਰ-16, ਚੰਡੀਗੜ੍ਹ। | | | |
| 4. | ਸ. ਰਵਿੰਦਰ ਸਿੰਘ, ਸਕੱਤਰ ਬਾਬਾ ਮੱਖਣ | 200/- | ਐਚ-9572 | 27-04-2018 |
| | ਸ਼ਾਹ ਲੁਬਾਣਾ ਭਵਨ ਚੰਡੀਗੜ੍ਹ।ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | | | |
| 5. | ਲੈਕ. ਸ.ਗੁਲਸ਼ਨ ਕੁਮਾਰ ਸਿੰਘ | 200/- | ਐਚ-9573 | 27-04-2018 |
| | ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | | | |
| 6. | ਸ. ਜਗੀਰ ਸਿੰਘ ਲਾਲੀਆ | 1000/- | ਐਚ-9574 | 27-04-2018 |
| | ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30ਏ, ਚੰਡੀਗੜ੍ਹ। | | | |
| | ਮਕਾਨ ਨੰ-1838, ਫੇਸ-7, ਐਸ.ਏ.ਐਸ. ਨਗਰ (ਮੋਹਾਲੀ) | | | |
| 7. | ਸ. ਜਸਪਾਲ ਸਿੰਘ | 200/- | ਐਚ-9575 | 27-04-2018 |
| | ਮਕਾਨ ਨੰ-18, ਏ.ਕੇ.ਐਸ. ਕਲੋਨੀ, ਜ਼ੀਰਕਪੁਰ | | | |
| 8. | ਸ. ਹਿੰਮਤ ਸਿੰਘ | 100/- | ਐਚ-9576 | 27-04-2018 |
| | ਮਕਾਨ ਨੰ-2051, ਸੈਕਟਰ-21ਸੀ, ਚੰਡੀਗੜ੍ਹ। | | | |
| 9. | ਗੁਪਤ ਦਾਨ | 100/- | ਐਚ-9577 | 27-04-2018 |
| 10. | ਸ. ਬਖ਼ਤਾਵਰ ਸਿੰਘ | 200/- | ਐਚ-9578 | 27-04-2018 |
| | ਮਕਾਨ ਨੰ-3062/1, ਸੈਕਟਰ-47ਡੀ, ਚੰਡੀਗੜ੍ਹ। | | | |
| 11. | ਸ. ਹਰਭਜਨ ਸਿੰਘ ਡੀ.ਆਈ.ਜੀ. (ਰਿਟਾ.) | 500/- | ਐਚ-9579 | 27-04-2018 |
| | ਸੈਕਟਰ-66, ਜ਼ੀਰਕਪੁਰ, ਜ਼ਿਲ੍ਹਾ-ਮੋਹਾਲੀ। | | | |
| 12. | ਸ. ਕਾਕਾ ਸਹਿਜਪ੍ਰੀਤ ਸਿੰਘ | 100/- | ਐਚ-9580 | 27-04-2018 |
| | ਸੈਕਟਰ-45 ਸੀ, ਚੰਡੀਗੜ੍ਹ। | | | |
| 13. | ਸ. ਅਮਰਜੀਤ ਸਿੰਘ | 500/- | ਐਚ-9581 | 27-04-2018 |
| | ਮਕਾਨ ਨੰ-102, ਸੈਕਟਰ-60, ਮੋਹਾਲੀ। | | | |

| | | | | |
|---|---|---|---|---|
| 14. | ਸ.ਹਰਦਿਆਲ ਸਿੰਘ ਘੋਤੜਾ | 200/- | ਐਚ-9582 | 27-04-2018 |
| | ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | | | |
| 15. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 1100/- | ਐਚ-9583 | 27-04-2018 |
| | ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30ਏ ਚੰਡੀਗੜ੍ਹ, ਮੰ. ਨੰ-2218, ਸੈਕਟਰ-38ਸੀ-ਚੰਡੀਗੜ੍ਹ। | | | |
| 16. | ਸ. ਨਿਰਮਲ ਸਿੰਘ, ਸਕੱਤਰ ਮੈਨਟੇਨੈਂਸ | 200/- | ਐਚ-9584 | 27-04-2018 |
| | ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ, ਚੰਡੀਗੜ੍ਹ, ਮਕਾਨ ਨੰ-2354, ਫੇਸ-10 ਮੋਹਾਲੀ। | | | |
| 17. | ਸ. ਭਜਨ ਸਿੰਘ | 500/- | ਐਚ-9585 | 27-04-2018 |
| | ਮਕਾਨ ਨੰ-2195, ਸੈਕਟਰ-71, ਮੋਹਾਲੀ। | | | |
| 18. | ਸ. ਕਰਨੈਲ ਸਿੰਘ | 500/- | ਐਚ-9586 | 27-04-2018 |
| | ਮਕਾਨ ਨੰ-1224, ਸੈਕਟਰ-68, ਮੋਹਾਲੀ। | | | |
| 19. | ਸ. ਗਿਆਨ ਸਿੰਘ ਘੋਤੜਾ | 100/- | ਐਚ-9587 | 27-04-2018 |
| | ਮਕਾਨ ਨੰ-4626, ਸੈਕਟਰ-70, ਮੋਹਾਲੀ। | | | |
| 20. | ਕਰਨਲ ਗੁਰਦੀਪ ਸਿੰਘ | 500/- | ਐਚ-9588 | 27-04-2018 |
| | ਮਕਾਨ ਨੰ-62, ਸੈਕਟਰ-71, ਮੋਹਾਲੀ। | | | |
| 21. | ਸ. ਮੋਹਿੰਦਰ ਸਿੰਘ ਡੀ.ਐਸ.ਪੀ. | 500/- | ਐਚ-9589 | 27-04-2018 |
| | ਸੀਨੀ. ਵਾਇਸ ਪ੍ਰਧਾਨ, ਮਕਾਨ ਨੰ-305, ਗੋਲਡਨ ਐਵਨਿਊ, ਫੇਸ-2, ਜਲੰਧਰ। | | | |
| 22. | ਕੈਪਟਨ ਕਾਬਲ ਸਿੰਘ | 1100/- | ਐਚ-9590 | 27-04-2018 |
| | ਮਕਾਨ ਨੰ-186, ਵਿਵੇਕਾਨੰਦ ਪਾਰਕ, ਜਲੰਧਰ। | | | |
| 23. | ਸ. ਅਵਤਾਰ ਸਿੰਘ ਡੀ.ਐਸ.ਪੀ. ਜਲੰਧਰ | 500/- | ਐਚ-9591 | 27-04-2018 |
| 24. | ਜੋਗਿੰਦਰ ਸਿੰਘ ਅਜੈਬ | 500/- | ਐਚ-9592 | 27-04-2018 |
| | ਲੁਬਾਣਾ ਸੇਵਕ ਐਡੀਟਰ, ਜਲੰਧਰ। | | | |
| 25. | ਸ. ਪਰਮਜੀਤ ਸਿੰਘ ਜਲੰਧਰ | 500/- | ਐਚ-9593 | 27-04-2018 |
| 26. | ਸ. ਅਮਰਜੀਤ ਸਿੰਘ ਮੁਲਤਾਨੀ | 200/- | ਐਚ-9594 | 27-04-2018 |
| | ਮਕਾਨ ਨੰ-416, ਸੈਕਟਰ-45ਏ, ਚੰਡੀਗੜ੍ਹ। | | | |
| 27. | ਸੁਰਿੰਦਰਪਾਲ ਸਿੰਘ | 100/- | ਐਚ-9595 | 27-04-2018 |
| | ਮਕਾਨ ਨੰ-3808, ਸੈਕਟਰ-32ਡੀ, ਚੰਡੀਗੜ੍ਹ। | | | |
| 28. | ਮੇਜਰ ਤਰਲੋਕ ਸਿੰਘ | 2100/- | ਐਚ-9596 | 27-04-2018 |
| | ਮਕਾਨ ਨੰ-62, ਸੈਕਟਰ-71, ਮੋਹਾਲੀ। | | | |

# ਭਵਨ ਵੱਲੋਂ ਮਨਾਏ ਗਏ ਫਾਊਂਡੇਸ਼ਨ-ਡੇ ਦੀਆਂ ਵੱਖ-ਵੱਖ ਝਲਕੀਆਂ















Regd No. 32212/78 Postal No.-- G/CHD/0111/2018-2020

# ਭਵਨ ਵੱਲੋਂ ਮਨਾਏ ਗਏ ਫਾਊਂਡੇਸ਼ਨ-ਡੇ ਦੀਆਂ ਵੱਖ-ਵੱਖ ਝਲਕੀਆਂ











